# ਦੇਸ਼ ਦੁਆਬਾ

VOL - 3 ISSUE - 22
January 29, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



**ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮਨਾਏ ਜਾਣ ਸਬੰਧੀ ਵੇਰਵਾ**

*ਪਿਟਸਬਰਗ ਅਤੇ ਨਿਊਯਾਰਕ 8 ਫਰਵਰੀ, 2015*
*ਯੂਬਾ ਸਿਟੀ ਵਿਖੇ 15 ਫਰਵਰੀ, 2015*
*ਬੇ-ਏਰੀਆ ਵਿਖੇ 22 ਫਰਵਰੀ, 2015*
*ਫਰਿਜ਼ਨੋ ਵਿਖੇ 1 ਮਾਰਚ, 2015*
*ਸੈਕਰਾਮੈਂਟੋ ਵਿਖੇ 8 ਮਾਰਚ, 2015*
*ਸੈਲਮਾ ਵਿਖੇ 15 ਮਾਰਚ, 2015*
*ਮੁਕੰਮਲ ਜਾਣਕਾਰੀ ਲਈ ਉਪਰੋਕਤ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ*



**'ਮਾਰਨ ਗਊ-ਗਰੀਬ ਨੂੰ, ਧਰਤੀ 'ਤੇ ਪਾਪ ਬਥੇਰਾ'** 'ਨਾਮਧਾਰੀ ਲਹਿਰ' ਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ 'ਤੇ **ਪ੍ਰੋਫੈਸਰ ਐਚ. ਐਲ. ਕਪੂਰ** ਦਾ ਵਿਸ਼ੇਸ਼ ਲੇਖ ਪੜ੍ਹੋ ਸਫਾ 9 ਤੇ






ਲੰਡਨ ਵਿਚ ਡਾ: ਅੰਬੇਡਕਰ ਦੀਆਂ ਯਾਦਾਂ ਦੀ ਸੰਭਾਲ- ਅੰਬੇਡਕਰੀਆਂ ਦੀ ਮਿਹਨਤ ਰੰਗ ਲਿਆਈ (ਦੇਖੋ ਸਫਾ 8 ਤੇ)

# ਸਰਕਾਰੀ ਮੁਹਿੰਮ ਤਹਿਤ ਧਰਮ ਪ੍ਰੀਵਰਤਨ ਕਾਰਨ ਓਬਾਮਾ ਨੇ ਮੋਦੀ ਨੂੰ ਧਾਰਮਿਕ ਆਜ਼ਾਦੀ ਦਾ ਮਸ਼ਵਰਾ ਦਿੱਤਾ

ਨਵੀਂ ਦਿੱਲੀ- ਆਪਣੀ ਫੇਰੀ ਦੇ ਆਖਰੀ ਦਿਨ ਇੱਕ ਟਾਊਨ ਹਾਲ, ਜਿਥੇ ਬਹੁਤਾਤ ਵਿੱਚ ਵਿਦਿਆਰਥੀ ਅਤੇ ਪੇਸ਼ਾਵਰ ਲੋਕ ਸ਼ਾਮਲ ਸਨ, ਵਿੱਚ ਬੋਲਦਿਆਂ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਨਰਿੰਦਰ ਮੋਦੀ ਦੇ ਜਲੇਬੀਆਂ ਦੇ ਥਾਲ ਉੱਤੇ ਘੱਟਾ ਪਾਉਂਦਿਆਂ ਕਿਹਾ ਕਿ ਭਾਰਤ ਅੰਦਰ ਹਰ ਇੱਕ ਨੂੰ ਧਾਰਮਿਕ ਆਜ਼ਾਦੀ ਹੋਣੀ ਲਾਜ਼ਮੀ ਹੈ। ਅਜਿਹਾ ਨਾ ਕਰਕੇ ਭਾਰਤ ਖੁਦ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਭਾਰਤ ਵਿੱਚ ਇੱਕ ਦਿਨ ਵਿੱਚ 90 ਔਰਤਾਂ ਦੇ ਬਲਾਤਕਾਰ ਰਿਪੋਰਟ ਹੁੰਦੇ ਹਨ। ਇਸ ਬਾਰੇ ਓਬਾਮਾ ਨੇ ਕਿਹਾ ਕਿ ਜਿਸ ਦੇਸ਼ ਦੀਆਂ ਔਰਤਾਂ ਸਫਲ ਹੋਣ ਉਹ ਦੇਸ਼ ਵੀ ਸਫਲ ਹੁੰਦਾ ਹੈ।

ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਮੋਦੀ ਨੂੰ ਚਿਤਾਵਨੀ ਭਰੇ ਲਹਿਜੇ ਵਿਚ ਧਾਰਮਿਕ ਆਜ਼ਾਦੀ ਦਾ ਪੱਖ ਪੂਰਦਿਆਂ ਕਿਹਾ ਹੈ ਕਿ ਧਾਰਮਿਕ ਆਜ਼ਾਦੀ ਹਰੇਕ ਇਨਸਾਨ ਦਾ ਹੱਕ ਹੈ ਅਤੇ ਇਸ ਵਿਚ ਕਿਸੇ ਕਿਸਮ ਦਾ ਦਖਲ ਨਹੀਂ ਦਿੱਤਾ ਜਾਣਾ ਚਾਹੀਦਾ। ਟਾਊਨ ਹਾਲ ਵਿਖੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਅਮਰੀਕਾ ਭਾਰਤ ਦਾ ਵੱਡਾ ਭਾਈਵਾਲ ਬਣ ਸਕਦਾ ਹੈ।



ਭਾਰਤੀ ਸੰਵਿਧਾਨ ਦੀ ਧਾਰਾ 25 ਦੇ ਸੰਦਰਭ ਵਿਚ ਓਬਾਮਾ ਨੇ ਕਿਹਾ ਕਿ ਸਾਰਿਆਂ ਨੂੰ ਆਪਣੇ ਧਰਮ ਨਿਭਾਉਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਹੈ ਅਤੇ ਉਹਨਾਂ ਦੇ ਇਸ ਅਧਿਕਾਰ 'ਤੇ ਹਮਲਾ ਨਹੀਂ ਕੀਤਾ ਜਾ ਸਕਦਾ। ਸ੍ਰੀ ਮੋਦੀ ਦਾ ਇਸ਼ਾਰਾ ਭਾਰਤ ਵਿਚ ਧਰਮ ਤਬਦੀਲੀ ਦੀ ਮੁਹਿੰਮ ਚਲਾਉਣ ਵਾਲੀਆਂ ਹਿੰਦੂ ਜਥੇਬੰਦੀਆਂ ਵੱਲ ਸੀ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਧਾਰਮਿਕ ਸਹਿਣਸ਼ੀਲਤਾ ਦੀ ਜ਼ੋਰਦਾਰ ਪੈਰਵੀ ਕਰਦਿਆਂ ਭਾਰਤ ਨੂੰ ਖਬਰਦਾਰ ਕੀਤਾ ਕਿ ਭਾਰਤ ਤਾਂ ਹੀ ਸਫਲ ਹੋ ਸਕੇਗਾ ਜੇ ਇਹ ਆਪਣੇ ਆਪ ਨੂੰ ਧਾਰਮਿਕ ਲੀਹਾਂ 'ਤੇ ਪਾਟੋ-ਧਾੜ ਹੋਣ ਤੋਂ ਬਚਾ ਸਕੇਗਾ।

ਸ੍ਰੀ ਓਬਾਮਾ ਨੇ ਕਿਹਾ ਕਿ ਤੁਹਾਡੇ ਸੰਵਿਧਾਨ ਦਾ ਆਰਟੀਕਲ 25 ਸਾਰਿਆਂ ਨੂੰ ਧਰਮ ਦੀ ਅਤੇ ਧਰਮ ਪ੍ਰਚਾਰ ਦੀ ਇਜਾਜ਼ਤ ਦਿੰਦਾ ਹੈ ਅਤੇ ਅਜਿਹੀ ਹੀ ਵਿਵਸਥਾ ਸਾਡੇ ਮੁਲਕ ਵਿਚ ਵੀ ਹੈ। ਸਾਡੀ ਸਰਕਾਰ ਹਰੇਕ ਨਾਗਰਿਕ ਦੇ ਇਸ ਅਧਿਕਾਰ ਉਤੇ ਪੂਰਾ ਪਹਿਰਾ ਦਿੰਦੀ ਹੈ ਅਤੇ ਭਾਰਤ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਓਬਾਮਾ ਨੇ ਕਿਹਾ ਕਿ ਅੱਜ ਸਾਰੇ ਸੰਸਾਰ ਵਿਚ ਸਹਿਣਸ਼ੀਲਤਾ, ਹਿੰਸਾ ਅਤੇ ਅੱਤਵਾਦ ਵਿਚਕਾਰ ਲੜਾਈ ਚੱਲ ਰਹੀ ਹੈ। ਅਜਿਹੇ ਵਿਚ ਹਰੇਕ ਵਿਅਕਤੀ ਜੇਕਰ ਆਪਣੇ ਵਿਸ਼ਵਾਸ ਮੁਤਾਬਕ ਧਰਮ ਲਈ ਵਿੱਚਰਦਾ ਹੈ ਤਾਂ ਉਸ ਤੋਂ ਨਿਰਪੱਖ ਹੋਣ ਦੀ ਆਸ ਕਰ ਸਕਦੇ ਹਾਂ।

ਨਵੀਂ ਦਿੱਲੀ ਵਿੱਚ ਸਿਰੀ ਫੋਰਟ ਆਡੀਟੋਰੀਅਮ ਵਿੱਚ 1500 ਲੋਕਾਂ ਦੇ ਇਕੱਠ ਵਿੱਚ ਸ੍ਰੀ ਓਬਾਮਾ ਦੇ ਭਾਸ਼ਣ ਦੌਰਾਨ ਲੋਕਾਂ ਨੇ ਵਾਰ-ਵਾਰ ਤਾੜੀਆਂ ਮਾਰੀਆਂ। ਇਸ ਮੌਕੇ ਕੋਈ ਵੀ ਭਾਰਤੀ ਆਗੂ ਮੌਜੂਦ ਨਹੀਂ ਸੀ।

ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਭਾਰਤ (ਬਾਕੀ ਸਫਾ 24 ਤੇ)

# ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ







ਮਿਲਪੀਟਸ (ਬਿਊਰੋ)- ਭਾਰਤ ਦੇ ਗਣਤੰਤਰ ਦਿਵਸ ਮੌਕੇ ਅਮਰੀਕਾ ਦੀ ਧਰਤੀ ਤੇ ਜਿੱਥੇ ਵੱਖ ਵੱਖ ਸੂਬਿਆਂ ਅਤੇ ਖੇਤਰਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਗਣਤੰਤਰ ਦਿਵਸ ਆਪੋ ਆਪਣੇ ਤਰੀਕਿਆਂ ਅਤੇ ਰਵਾਇਤਾਂ ਨਾਲ ਮਨਾਇਆ, ਉਥੇ ਹੀ ਮਿਲਪੀਟਸ ਦੇ ਇੰਡੀਆ ਕਮਿਊਨਿਟੀ ਸੈਂਟਰ ਵਿਖੇ ਮਨਾਏ ਗਏ 66ਵੇਂ ਗਣਤੰਤਰ ਦਿਵਸ ਦਾ ਨਜ਼ਾਰਾ ਕੁਝ ਵੱਖਰਾ ਅਤੇ ਦਿਲਕਸ਼ ਰਿਹਾ ਹੈ। ਇਹ ਸਮਾਗਮ ਭਾਰਤੀ ਕੌਂਸਲੇਟ ਸਾਨਫਰਾਂਸਿਸਕੋ ਦੇ ਮੁੱਖ ਅਧਿਕਾਰੀ ਵੈਂਕ-ਟੇਸਨ ਅਸ਼ੋਕ ਅਤੇ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਊਸ਼ਾ ਅਸ਼ੋਕ ਤੋਂ ਇਲਾਵਾ ਡਾ ਸ਼੍ਰੀਨਿਵਾਸਨ, ਸ੍ਰੀ ਆਨੰਦ ਝਾਅ, ਸ੍ਰੀ ਭਾਸਕਰਨ ਤੋਂ ਇਲਾਵਾ ਕੌਂਸਲ ਜਨਰਲ ਦੇ ਬਹੁਤ ਸਾਰੇ ਅਧਿਕਾਰੀ ਸ਼ਾਮਲ ਹੋਏ।ਇਸ ਮੌਕੇ ਅਮਰੀਕੀ ਰਾਜਨੀਤਕ ਹਸਤੀਆਂ ਨੇ ਸ਼ਮੂਲੀਅਤ ਕੀਤੀ, ਜਿਹਨਾਂ ਵਿਚ ਮਿਸਟਰ ਡੇਵ ਜੌਹਨ (ਇਸ਼ੋਰੈਂਸ ਕਮਿਸ਼ਨਰ), ਮਿਲਪੀਟਸ ਦੇ ਮੇਅਰ ਮਿਸਟਰ ਜੋਸੇ (ਜੋਅ) ਸਟੀਵ, ਫਰੀਮਾਂਟ ਦੇ ਸਿਟੀ ਕੌਂਸਲ ਰਾਜ ਸਲਵਾਨ ਆਦਿ ਅਨੇਕਾਂ ਬੁਲਾਰਿਆਂ ਨੇ ਜਿੱਥੇ ਭਾਰਤ ਦੇ 66ਵੇਂ ਗਣਤੰਤਰ ਦਿਵਸ ਦੀ ਵਧਾਈ ਦਿੱਤੀ, ਉਥੇ ਉਹਨਾਂ ਨੇ ਇਸ ਨੂੰ ਇਤਿਹਾਸਕ ਦਿਵਸ ਐਲਾਨਦਿਆਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਜੋ ਭਾਰਤ ਦੇ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਹਨ, ਦੇ ਭਾਰਤ ਦੌਰੇ ਨਾਲ ਅਮਰੀਕਾ ਅਤੇ ਭਾਰਤ ਦੇ ਸਬੰਧਾਂ ਨੂੰ ਇਕ ਨਵੀਂ ਦਿਸ਼ਾ ਮਿਲੀ ਹੈ ਅਤੇ ਦੋਵੇਂ ਮੁਲਕ ਜੋ ਦੁਨੀਆਂ ਦੇ ਮੰਨੇ-ਪ੍ਰਮੰਨੇ ਲੋਕੰਤਤਰੀ ਮੁਲਕ ਹਨ, ਦੇ ਸਬੰਧ ਭਵਿੱਖ ਵਿਚ ਹੋਰ ਬਿਹਤਰ ਬਣਨਗੇ। ਇਸ ਮੌਕੇ ਸ਼ਾਨਦਾਰ ਗੀਤ, ਸੰਗੀਤ, ਰਵਾਇਤੀ ਡਾਂਸ ਅਤੇ ਵੱਖ ਵੱਖ ਬੁਲਾਰਿਆਂ ਦੀਆਂ ਤਕਰੀਰਾਂ ਨੇ ਇਸ ਸਮਾਗਮ ਦੌਰਾਨ ਇਕ ਵੱਖਰਾ ਹੀ ਰੰਗ ਭਰ ਦਿੱਤਾ। ਇਸ ਸਮਾਗਮ ਵਿਚ ਅਮਰੀਕਾ ਭਰ ਤੋਂ ਸਥਾਨਕ ਭਾਸਵਾਂ ਦੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ ਤੇ ਸੱਦਿਆ ਗਿਆ।

ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਤੋਂ ਸ੍ਰੀ ਦਵਿੰਦਰ ਸਿੰਘ ਧੂਤ, ਸਵਰਗੀ ਲਹੌਰੀ ਰਾਮ ਕਮਿਸਨਰ ਦੇ ਸਪੁੱਤਰ ਸ੍ਰੀ ਜਗਦੇਵ ਰਾਮ ਅਤੇ ਅਜੇਪਾਲ ਰਾਮ, ਪਾਲ ਸਹੋਤਾ, ਰਾਜਾ ਸਵੀਟਸ ਦੇ ਸ੍ਰੀ ਮੱਖਣ ਬੈਂਸ, ਸਤਨਾਮ ਸਿੰਘ ਚਾਹਲ, ਹਰਪ੍ਰੀਤ ਸਿੰਘ ਸਿੱਧ (ਬਾਕੀ ਸਫਾ 21 ਤੇ)


**Prime Real Estate Services**
PRE
**Kulwinder Singh Realtor**
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991





**MAJESTIC HOMES**
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D TM
www.majestichomes.us ramesh@rameshsuman.com
P.O. Box 3434, Antioch, CA 94531-3434





**SAROAY INVESTMENT REALTY**
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121





**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539






ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਸ਼ਿੰਗਾਰਾ ਸਿੰਘ ਰੱਲ੍ਹ



ਪ੍ਰਧਾਨ

ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਯੂਬਾ ਸਿਟੀ ਵਿਖੇ 15 ਫਰਵਰੀ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਆਓ ਸਾਰੇ ਰਲ-ਮਿਲ ਕੇ ਗੁਰੂ ਘਰ ਵਿਖੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਵਿਚ ਸ਼ਾਮਲ ਹੋਈਏ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਪ੍ਰਕਾਸ਼ ਦਿਹਾੜੇ ਦੇ ਸ਼ੁਭ ਅਵਸਰ ਤੇ ਮਹਾਨ ਰੈਣ ਸਬਾਈ ਕੀਰਤਨ ਦਰਬਾਰ 2 ਫਰਵਰੀ ਨੂੰ ਆਰੰਭ ਹੋ ਰਹੇ ਹਨ।

(530) 713-1823

Shri Guru Ravidass Temple Yuba City, California

ੴ ਸਤਿਗੁਰ ਪ੍ਰਸਾਦਿ ॥

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।



ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ (ਯੂ ਐਸ ਏ) ਨਿਰਮਲ ਸਿੰਘ ਪ੍ਰਧਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ ਲੱਖ ਵਧਾਈਆਂ

ਨਿਰਮਲ ਸਿੰਘ ਪ੍ਰਧਾਨ

ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ (ਯੂ ਐਸ ਏ)

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਫਰਵਰੀ, 2015
ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
8 ਫਰਵਰੀ, 2015
ਐਤਵਾਰ, ਸਵੇਰੇ 9.30 ਵਜੇ




ਕੀਰਤਨ ਦੀਵਾਨ
ਭੋਗ ਉਪਰੰਤ ਦੁਪਹਿਰ 2 ਵਜੇ ਤੱਕ
ਪ੍ਰਸਿੱਧ ਰਾਗੀ ਢਾਡੀ ਜਥੇ,
ਪ੍ਰਸਿੱਧ ਬੁਲਾਰੇ ਤੇ ਭਾਈਚਾਰੇ ਦੇ ਲੀਡਰ
ਆਪਣੇ ਵਿਚਾਰ ਰੱਖਣਗੇ

ਪਰਮ ਸਤਿਕਾਰਯੋਗ ਸਾਧ ਸੰਗਤ ਜੀਓ !

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

We need volunteers to help with this event to prepare and serve Langar, keep Gurughar clean and organized, directing traffic/parking, kitchen and other sewa. Please contact Ramesh Suman, President at (925)366.3618, Som Nath Bhatia, Vice President at (408)499-0747 or Bibi Kulwant Kaur, Vice President at (925)698-3059. We need your help and support. Your contributions will be greatly appreciated.

7 ਫਰਵਰੀ ਦਿਨ ਸ਼ਨੀਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।
ਸੰਗਤ ਨੂੰ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਉਸਾਰੀ ਬਿਲਡਿੰਗ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਲੰਗਰ ਦੇ ਸਟਾਲ ਦੀ ਸੇਵਾ ਲਈ ਸੰਪਰਕ ਕਰੋ: ਦਿਲਬਾਗ ਸਿੰਘ (ਸਕੱਤਰ): 209-834-4641, ਅਭਿਸ਼ੇਕ ਪਾਲ (ਸਹਾਇਕ ਸਕੱਤਰ) : 925-695-4637





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ WWW.SriGuruRavidassTemple.com

ਪ੍ਰਬੰਧਕ ਕਮੇਟੀ

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ |
|---|---|---|---|
| ਫਕੀਰ ਮਹਿਮੀ | ਰਮੇਸ਼ ਸੁੰਮਨ | ਦਿਲਬਾਗ ਸਿੰਘ | ਨਰਿੰਦਰ ਚਾਹਲ |



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ



ਰਮੇਸ਼ ਸੁੰਮਨ ਤੇ ਉਹਨਾਂ ਦੀ ਸੁਪਤਨੀ

## ਰਮੇਸ਼ ਸੁੰਮਨ

Office (925) 779-1234
Direct (925) 366-3618
Fax (905) 219-3918

**ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ**



ਸ੍ਰੀ ਗੁਰੂ ਰਵਿਦਾਸ ਜੀ

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ।

ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਸੱਤਿਆਮਤੀ ਰੱਤੂ ਤੇ ਗੁਰਨਾਮ ਸਿੰਘ ਰੱਤੂ




**ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




**ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ**
**ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸਵੇਰੇ 6 ਵਜੇ ਤੋਂ 9 ਵਜੇ ਸ਼ਾਮ ਤੱਕ**
**ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ**

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

**ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ, ਕੈਲੀਫੋਰਨੀਆ - 93662**
**2648 ਬਲੇਨੀ ਐਵੇਨਿਊ ਫੋਨ: 559-891-8286**



ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਸਲਿੰਦਰ ਨਰ
# ਅਤੇ ਸਮੂਹ ਪਰਿਵਾਰ

**S. N. Transport. Selma. 1326 Sarah Street, Selma CA. 93662**

**Guru Ravidass Temple, 2650 Bline Ave; Selma (CA.)**

**(Ph- 559-891-8286)**

ਦੇਸ਼ ਦੁਆਬਾ

# ਸ੍ਰੀ ਓਬਾਮਾ ਦੀ ਮੋਦੀ ਨੂੰ ਨਸੀਹਤ

ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਤਿੰਨ ਦਿਨਾਂ ਭਾਰਤ ਦੌਰੇ ਦਰਮਿਆਨ ਕਈ ਲਾਮਿਸਾਲ ਉਦਾਹਰਣਾਂ ਪੇਸ਼ ਕੀਤੀਆਂ ਹਨ। ਸ੍ਰੀ ਓਬਾਮਾ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਹਨ ਜਿਹੜੇ ਭਾਰਤ ਦੇ ਗਣਤੰਤਰ ਦਿਵਸ ਸਮਾਰੋਹਾਂ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸ੍ਰੀ ਓਬਾਮਾ ਨੇ ਆਪਣੀ ਯਾਤਰਾ ਦੇ ਆਖਰੀ ਦਿਨ 27 ਜਨਵਰੀ ਨੂੰ ਭਾਰਤ ਨੂੰ ਧਰਮ ਦੀ ਆਜ਼ਾਦੀ ਬਾਰੇ ਹਲੂਣਾ ਦੇ ਕੇ ਉਹਨਾਂ ਲੋਕਾਂ ਨੂੰ ਨਸੀਹਤ ਦਿੱਤੀ ਹੈ, ਜਿਹੜੇ ਭਾਰਤ ਵਿਚ ਧਰਮ ਤਬਦੀਲੀ ਅਤੇ ਘਰ ਵਾਪਸੀ ਵਰਗੀਆਂ ਮੁਹਿੰਮਾਂ ਚਲਾ ਕੇ ਘੱਟ ਗਿਣਤੀਆਂ ਦੇ ਮਨਾਂ ਵਿਚ ਖੌਫ ਪੈਦਾ ਕਰ ਰਹੇ ਹਨ।

ਭਾਰਤ ਇਕ ਬਹੁ-ਧਰਮੀ, ਬਹੁ-ਸਭਿਆਚਾਰਾਂ ਵਾਲਾ ਮੁਲਕ ਹੈ। ਭਾਰਤ ਵਿਚ ਲੱਗਭੱਗ ਹਰੇਕ ਧਰਮ ਦੇ ਲੋਕ ਰਹਿੰਦੇ ਹਨ। ਜੇਕਰ ਭਾਰਤ ਦੇ ਇਤਿਹਾਸ ਨੂੰ ਦੇਖੀਏ ਤਾਂ ਇੱਥੇ ਆਰੀਆ ਦੇ ਆਉਣ ਤੋਂ ਪਹਿਲਾਂ ਬਹੁਤ ਸਭਿਅਕ ਲੋਕ ਰਹਿੰਦੇ ਸਨ, ਇਸ ਸਭਿਅਤਾ ਨੇ ਬਹੁਤ ਤਰੱਕੀ ਵੀ ਕੀਤੀ



ਅਤੇ ਇਹ ਬਹੁਤ ਸਹਿਣਸ਼ੀਲ ਵੀ ਸਨ। ਆਰੀਆ ਨੇ ਬਾਹਰੋਂ ਆ ਕੇ ਇਹਨਾਂ ਦੀ ਸ਼ਾਂਤੀ ਅਤੇ ਇਹਨਾਂ ਦੇ ਅਧਿਕਾਰ ਖੋਹ ਲਏ ਅਤੇ ਇਹਨਾਂ ਨੂੰ ਗੁਲਾਮ ਬਣਾ ਲਿਆ। ਇਸ ਤੋਂ ਬਾਅਦ ਵਰਣ ਵਿਵਸਥਾ ਦਾ ਦੌਰ ਚੱਲਿਆ ਅਤੇ ਇੱਥੋਂ ਦੇ ਰਹਿਣ ਵਾਲੇ ਲੋਕਾਂ ਨੂੰ ਸ਼ੂਦਰ ਅਤੇ ਨੀਚ ਬਣਾ ਦਿੱਤਾ। ਇਸ ਤੋਂ ਬਾਅਦ ਭਾਰਤ ਵਿਚ ਬੁੱਧ ਧਰਮ ਦਾ ਉਦੈ ਹੋਇਆ, ਜਿਸ ਨੇ ਜਾਤੀ ਵਿਵਸਥਾ ਮਿਟਾਉਣ ਲਈ ਕਮਰਕੱਸੇ ਕੀਤੇ ਪਰ ਹਿੰਦੂ ਧਰਮ ਦੇ ਉਗਰਵਾਦੀ ਰਵੱਈਏ ਨੇ ਬੋਧੀਆਂ ਨਾਲ ਵੀ ਬਹੁਤ ਧੱਕੇ ਕੀਤੇ। ਇਸ ਤੋਂ ਬਾਅਦ ਭਾਰਤ ਵਿਚ ਮੁਸਲਮਾਨਾਂ ਨੇ ਹਮਲੇ ਆਰੰਭ ਕਰ ਦਿੱਤੇ ਅਤੇ ਭਾਰਤ ਨੂੰ ਗੁਲਾਮ ਬਣਾ ਕੇ ਮੁਸਲਿਮ ਸਟੇਟ ਬਣਾਉਣ ਦੀ ਕੋਸ਼ਿਸ਼ ਆਰੰਭ ਕੀਤੀ, ਇਸ ਦਰਮਿਆਨ ਸਿੱਖ ਧਰਮ ਹੋਂਦ ਵਿਚ ਆਇਆ, ਜਿਸ ਨੇ ਜਾਤੀ-ਪਾਤੀ ਵਿਵਸਥਾ ਨੂੰ ਨਕਾਰਿਆ ਅਤੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦਾ ਨਾਅਰਾ ਦਿੱਤਾ। ਮੁਸਲਮਾਨਾਂ ਦਾ ਰਾਜ ਪਤਲਾ ਪੈਣ ਜਾ ਰਿਹਾ ਸੀ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਗੁਲਾਮ ਬਣਾ ਲਿਆ। ਅੰਗਰੇਜ਼ ਵੀ ਜਾਤ-ਪਾਤ ਦੇ ਖਿਲਾਫ ਸਨ ਅਤੇ ਉਹਨਾਂ ਨੇ ਭਾਰਤ ਵਿਚ ਪਾਈਆਂ ਜਾਂਦੀਆਂ ਜਾਤੀਵਾਦ ਦੀਆਂ ਕੁਰੀਤੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਸਭ ਦਰਮਿਆਨ ਭਾਰਤ ਵਿਚ ਮੁਸਲਿਮ ਅਤੇ ਇਸਾਈ ਧਰਮ ਦਾ ਪਸਾਰ ਕਾਫੀ ਹੋਇਆ। ਭਾਰਤ ਦੇ ਆਦਿ ਧਰਮੀ ਲੋਕ, ਜਿਹਨਾਂ ਨੂੰ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਭਾਰਤ ਦੇ ਅਸਲੀ ਵਾਸੀ ਅਤੇ ਆਦਿਧਰਮੀ ਦੀ ਪਰਿਭਾਸ਼ਾ ਦਿੱਤੀ, ਨੇ ਲੱਖਾਂ ਤਸੀਹੇ ਕੱਟਣ ਦੇ ਬਾਵਜੂਦ ਭਾਰਤ ਮਾਤਾ ਦੀ ਭਲਾਈ ਅਤੇ ਇਸ ਦੀ ਤਰੱਕੀ ਲਈ ਖੂਬ ਯੋਗਦਾਨ ਪਾਇਆ।

ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਭਾਰਤ ਨੂੰ ਧਰਮ ਨਿਰਪੱਖ ਸਟੇਟ ਬਣਾਇਆ ਗਿਆ ਅਤੇ ਸਾਰੇ ਧਰਮਾਂ ਨੂੰ ਸਮਾਨ ਅਧਿਕਾਰ ਦੇਣ ਲਈ ਸੰਵਿਧਾਨ ਵਿਚ ਆਰਟੀਕਲ 25 ਸਥਾਪਤ ਕੀਤਾ ਗਿਆ। ਡਾ. ਅੰਬੇਦਕਰ ਅਤੇ ਹੋਰ ਮਹਾਨ ਵਿਦਵਾਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੋਂਦ ਵਿਚ ਆਏ ਭਾਰਤ ਦੇ ਸੰਵਿਧਾਨ ਨੇ ਭਾਰਤ ਨੂੰ ਸਹੀ ਦਿਸ਼ਾ ਦਿਖਾਈ, ਪਰ ਆਜ਼ਾਦੀ ਤੋਂ ਹੁਣ ਤੱਕ ਵੀ ਉਹ ਅਖੌਤੀ ਉਚ ਜਾਤੀਆਂ, ਜਿਹਨਾਂ ਨੇ ਭਾਰਤ ਦੇ ਆਦਿਧਰਮੀ ਲੋਕਾਂ ਨੂੰ ਹਮੇਸ਼ਾ ਗੁਲਾਮ ਬਣਾਉਣ ਦੀਆਂ ਗੋਂਦਾ ਗੁੰਦੀਆਂ, ਅੱਜ ਵੀ ਸਿਰ ਚੁੱਕ ਰਹੇ ਹਨ।

ਨਰਿੰਦਰ ਮੋਦੀ ਦੀ ਅਗਵਾਈ ਵਿਚ ਐਨ ਡੀ. ਏ ਸਰਕਾਰ ਬਣਨ ਤੋਂ ਬਾਅਦ ਇਹ ਹਿੰਦੂਤਵੀ ਲਾਣਾ ਇਕ ਵਾਰ ਫਿਰ ਭਾਰਤ ਦੀਆਂ ਧਾਰਮਿਕ ਘੱਟ ਗਿਣਤੀਆਂ ਨੂੰ ਡਰਾਉਣ-ਧਮਕਾਉਣ ਲੱਗ ਪਿਆ ਹੈ। ਆਜ਼ਾਦੀ ਤੋਂ ਬਾਅਦ ਭਾਰਤ ਨੂੰ ਜੋ ਧਰਮ-ਨਿਰਪੱਖ ਸਰੂਪ ਦਿੱਤਾ ਗਿਆ, ਉਸ ਦੀ ਹੀ ਬਦੌਲਤ ਅੱਜ ਭਾਰਤ ਕਾਫੀ ਤਰੱਕੀ ਵੀ ਕਰ ਗਿਆ ਹੈ ਪਰ ਜੇਕਰ ਫਿਰ ਦੁਬਾਰਾ ਭਾਰਤ ਵਿਚ ਧਾਰਮਿਕ ਸੰਕੀਰਨਤਾ ਦੀ ਲਹਿਰ ਚਲਦੀ ਹੈ ਤਾਂ ਇਹ ਮੁਲਕ ਕਮਜ਼ੋਰ ਹੀ ਹੋਵੇਗਾ ਅਤੇ ਟੁੱਟਣ ਵੱਲ ਵਧੇਗਾ।

ਸ੍ਰੀ ਓਬਾਮਾ ਨੇ ਮੋਦੀ ਸਰਕਾਰ ਨੂੰ ਜੋ ਚਿਤਾਵਨੀ ਦਿੱਤੀ ਹੈ, ਉਹ ਅੱਜ ਦੇ ਹਾਲਾਤਾਂ ਅਤੇ ਭਾਰਤ ਦੀ ਧਾਰਮਿਕ ਵਿਭਿੰਨਤਾ ਦੀ ਅਹਿਮੀਅਤ ਦੇ ਮੱਦੇਨਜ਼ਰ ਬਿਲਕੁਲ ਸਟੀਕ ਚਿਤਾਵਨੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਧਾਰਮਿਕ ਸੰਕੀਰਨਤਾ ਨੂੰ ਨਕਾਰੇ ਅਤੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਇਹ ਬਿਆਨ ਦੇਣ ਕਿ ਭਾਰਤ ਵਿਚ ਧਾਰਮਿਕ ਸੰਕੀਰਨਤਾ ਲਈ ਕੋਈ ਥਾਂ ਨਹੀਂ।



**- ਤਰਸੇਮ ਜਲੰਧਰੀ**

# ਇਨਕਲਾਬੀ ਰਹਿਨੁਮਾ : ਗੁਰੂ ਰਵਿਦਾਸ ਜੀ

**ਡਾ. ਜੀ. ਸੀ. ਕੌਲ ਐਮ. ਏ., ਪੀ. ਐਚ. ਡੀ.**
09463223223 (ਮੋਬਾਇਲ)

ਗੁਰੂ ਰਵਿਦਾਸ ਜੀ ਉਨ੍ਹਾਂ ਮਹਾਨ ਸੰਤ ਕਵੀਆਂ, ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਆਪਣੀ ਮਧੁਰ, ਕੋਮਲ, ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਣੀ ਰਾਹੀਂ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਤ-ਛਾਤ, ਵੈਰ-ਵਿਰੋਧ ਸਮਾਜਿਕ ਅਸਮਾਨਤਾ, ਆਰਥਿਕ ਮੰਦਹਾਲੀ ਅਤੇ ਮਾਨਵ ਵਿਰੋਧੀ ਰਾਜਨੀਤਿਕ ਸ਼ਕਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਬਨਾਰਸ ਦੇ ਮੁੱਖੀ ਪੰਡਿਤਾਂ ਵਲੋਂ ਡੰਡਉਤਿ ਵੰਦਨਾ ਕਰਵਾਉਣ ਵਾਲਾ ਇਹ ਜਨ-ਨਾਇਕ ਨਾ ਕੇਵਲ ਅਛੂਤਾਂ ਲਈ, ਬਲਕਿ ਵਿਦਵਾਨ ਪੰਡਿਤਾਂ ਅਤੇ ਰਾਜੇ, ਰਾਣੀਆਂ ਲਈ ਵੀ ਇਕ ਮਹਾਨ ਦਰਸ਼ਕ ਬਣ ਕੇ ਤਤਕਾਲੀਨ ਸਮਾਜ ਵਿਚ ਦਲਦਲ ਹੋ ਚੁੱਕੀ ਭਾਰਤ-ਭੂਮੀ ਦੇ ਸੀਨੇ ਉੱਪਰ ਕਮਲ ਦੇ ਫੁੱਲ ਵਾਂਗ ਖਿੜਿਆ ਅਤੇ ਉਸਨੇ ਪ੍ਰਦੂਸ਼ਿਤ ਹੋ ਚੁੱਕੇ ਚੁਗਿਰਦੇ ਨੂੰ ਆਪਣੇ ਨੂਰ ਅਤੇ ਕੀਰਤੀ ਦੀਆਂ ਸੁਗੰਧੀਆਂ ਰਾਹੀਂ ਲਿਸ਼ਕਾਇਆ, ਚਮਕਾਇਆ ਅਤੇ ਮਹਿਕਇਆ।

ਗੁਰੂ ਰਵਿਦਾਸ ਜੀ ਦਾ ਤੇਜੱਸਵੀ ਵਿਅਕਤੀਤਵ ਸਦੀਆਂ ਤੋਂ ਪੀੜਤ, ਸਾਹ-ਸਤ ਹੀਣ ਹੋ ਚੁੱਕੇ ਜਨ-ਸਾਧਾਰਨ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ, ਇਕ ਅਜਿਹਾ ਸੁਨੇਹਾ ਜਿਸ ਨੇ ਭਵਿੱਖ ਵਿਚ ਰੂੜ੍ਹੀਵਾਦੀ ਸਮਾਜ ਵਲੋਂ ਵਲੀਆਂ ਹੋਈਆਂ ਜੰਜ਼ੀਰਾਂ ਨੂੰ ਤੋੜਕੇ ਇਕ ਨਵੇਂ, ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਜੀਵਨ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਗਰੀਬ, ਨਿਰਾਸ਼, ਹੰਭੇ ਹੋਏ ਮਾਯੂਸ ਲੋਕਾਂ ਪ੍ਰਤੀ ਸਮਰਪਿਤ ਸੀ ਜਿਨ੍ਹਾਂ ਨੂੰ ਰਾਜਨੀਤਿਕ, ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਪੱਖੋਂ ਲਤਾੜਿਆ ਗਿਆ ਸੀ, ਜਿਨ੍ਹਾਂ ਤੋਂ ਜ਼ਿੰਦਗੀ ਜਿਉਣ ਦਾ ਹਰ ਹੱਕ ਖੋਹ ਲਿਆ ਗਿਆ ਸੀ ਅਤੇ ਜਿਨ੍ਹਾਂ ਨੂੰ ਨਿਰਾਦਰੀ ਤੇ ਬੇਪੱਤੀ ਵਲਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਸਦੀਆਂ ਬਾਦ ਭਾਰਤ ਦੇ ਪੀੜਤ, ਦੱਬੇ-ਕੁੱਚਲੇ, ਪਦ-ਦਲਿਤ ਤੇ ਪਿਛਾੜੇ ਹੋਏ ਲੋਕਾਂ ਨੂੰ ਗੁਰੂ ਰਵਿਦਾਸ ਜੀ ਦੇ ਰੂਪ ਵਿਚ ਆਪਣਾ ਰਹਿਨੁਮਾ ਮਿਲਿਆ ਜੋ ਉਨ੍ਹਾਂ ਦੇ ਦੁੱਖਾਂ, ਦਰਦਾਂ ਤੇ ਪੀੜਾਂ ਦੇ ਯਥਾਰਥ ਨੂੰ ਨਾ ਕੇਵਲ ਸਮਝਦਾ ਹੀ ਸੀ, ਬਲਕਿ ਉਸਨੇ ਖ਼ੁਦ ਆਪਣੇ ਪਿੰਡੇ ਤੇ ਇਨ੍ਹਾਂ ਦਰਦਾਂ ਨੂੰ ਸਹਿਣ ਕੀਤਾ ਸੀ।

ਅਛੂਤ ਵਰਗ ਵਿਚ ਪੈਦਾ ਹੋ ਕੇ ਉੱਚ ਵਰਗ ਲਈ ਪ੍ਰਕਾਸ਼-ਸਤੰਭ ਬਨਣ ਵਾਲੇ ਇਸ ਮਹਾਨ ਕ੍ਰਾਂਤੀਕਾਰੀ ਰਹਿਬਰ ਨੇ ਆਪਣੀ ਬਾਣੀ ਦੁਆਰਾ ਇਸ ਧਰਤੀ ਉੱਤੇ ਸਮਾਜਵਾਦੀ ਲੋਕਤੰਤਰ ਦਾ ਸੰਕਲਪ ਪੇਸ਼ ਕੀਤਾ ਅਤੇ ਕਾਮੇ-ਕਿਰਤੀਆਂ ਤੇ ਕਿਸਾਨਾਂ ਦੀ ਲੁੱਟੀ ਜਾ ਰਹੀ ਕਿਰਤ ਵਿਰੁੱਧ ਜਨ-ਚੇਤਨਾ ਪੈਦਾ ਕੀਤੀ। ਗੁਰੂ ਰਵਿਦਾਸ ਜੀ ਦਾ ਭਗਤੀ-ਮਾਰਗ ਬਹੁਤ ਸਰਲ, ਸਾਦਾ, ਸਮਨਵੈ-ਭਰਪੂਰ, ਆਡੰਬਰ ਤੇ ਕਰਮ-ਕਾਂਡ ਰਹਿਤ ਮਾਰਗ ਹੈ। ਆਪ ਨੇ ਆਪਣੇ ਅਨੁਭਵ, ਆਤਮਿਕ ਗਿਆਨ ਅਤੇ ਕਲਿਆਣਕਾਰੀ ਜੀਵਨ ਦੁਆਰਾ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਜੰਤਰਾਂ-ਮੰਤਰਾਂ,ਤੀਰਥ, ਵਰਤ, ਜੋਗ-ਵਿਧੀਆਂ, ਮੂਰਤੀ ਪੂਜਾ, ਜੰਞੂ, ਦੀਪ, ਅਰਚਨਾ ਅਤੇ ਉਚ-ਨੀਚ ਤੇ ਜਾਤਾਂ-ਪਾਤਾਂ ਵਿਚ ਗਰੱਸੀ ਹੋਈ ਭਾਰਤੀ ਜਨਤਾ ਨੂੰ ਜੀਵਨ-ਜਿਊਣ ਦੀ ਇਕ ਇਨਕਲਾਬੀ ਸੇਧ ਪ੍ਰਦਾਨ ਕੀਤੀ।

ਗੂਰ ਜੀ ਦੀਆਂ ਸਮਕਾਲੀਨ ਪਰਿਸਥਿਤੀਆਂ ਅਜਿਹੀਆਂ ਸਨ ਕਿ ਉਨ੍ਹਾਂ ਵਲੋਂ ਪ੍ਰਭੂ-ਭਗਤੀ ਦਾ ਸਹਿਜ ਮਾਰਗ ਅਪਨਾਉਣ ਤੇ ਉਨ੍ਹਾਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ। ਪ੍ਰੰਤੂ ਪਾਖੰਡੀ ਪ੍ਰੋਹਿਤਾਂ ਤੇ ਕੱਟੜ ਰੂੜ੍ਹੀਵਾਦੀਆਂ ਨੂੰ ਸੱਚ ਦੇ ਮਾਰਗ ਤੇ ਤੋਰਨ ਦਾ ਉਨ੍ਹਾਂ ਦਾ ਢੰਗ ਬੜਾ ਹੀ ਤਰਕਸ਼ੀਲ ਤੇ ਨਿਰਾਲਾ ਸੀ। ਆਪ ਨੇ ਬ੍ਰਾਹਮਣਸ਼ਾਹੀ ਪਾਖੰਡਤਾ ਨੂੰ ਵੰਗਾਰਨ ਅਤੇ ਦਲਿਤਾਂ ਦੇ ਸਮਾਨ ਅਧਿਕਾਰਾਂ ਨੂੰ ਜਤਲਾਉਣ ਲਈ ਬਚਪਨ ਵਿਚ ਹੀ ਉਹ ਕੰਮ ਕਰਨੇ ਸ਼ੁਰ ਕਰ ਦਿੱਤੇ ਜੋ ਹਿੰਦੂ ਧਰਮ ਗ੍ਰੰਥਾਂ ਅਨੁਸਾਰ ਕੇਵਲ ਉੱਚ-ਜਾਤੀਏ ਹੀ ਕਰ ਸਕਦੇ ਸਨ। ਇਨਕਲਾਬੀ ਰਹਿਬਰ ਵਲੋਂ ਪੰਡਿਤਾਂ ਵਾਲੇ ਕਾਰਜ ਕਰਨੇ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਸਵਾਰਥੀ ਲੋਕਾਂ ਉੱਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਅਖੌਤੀ ਧਰਮ ਦੇ ਝੁੱਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗ਼ਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ।

ਹਿੰਦੂ ਧਰਮ ਵਿਚ ਪ੍ਰਚੱਲਿਤ 'ਆਰਤੀ' ਨੂੰ ਆਪ ਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ 'ਦਿਖਾਵਾ' ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ ਅਤੇ ਦੁੱਧ ਆਦਿ ਨਾਲ ਮੂਰਤੀਆਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲੁਆਉਣ ਦੇ ਤਰੀਕੇ ਨੂੰ ਆਪਨੇ ਬ੍ਰਾਹਮਣਸ਼ਾਹੀ ਆਡੰਬਰ ਦੱਸਿਆ। ਆਪਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰ ਦੀਆਂ ਮੂਰਤੀਆਂ ਤੇ ਵੱਟਿਆ ਨੂੰ ਭੋਗ ਲੁਆਉਣ ਲਈ ਭੇਟ ਕੀਤਾ ਦੁੱਧ, ਫੁੱਲ ਅਤੇ ਜਲ ਪਹਿਲਾਂ ਹੀ ਕ੍ਰਮਵਾਰ ਵੱਛੇ, ਭੰਵਰੇ ਅਤੇ ਮਛਲੀ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਅਤੇ ਮਹਾਨ ਚਿੰਤਕ ਸਨ। ਆਪਨੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਆਪ ਨੇ ਨਿਮਨ ਵਰਗ ਦੇ ਲੋਕਾਂ ਵਿਚ ਸਵੈ-ਵਿਸ਼ਵਾਸ, ਸਵੈ-ਸ਼ਕਤੀ ਅਤੇ ਸਵੈ-ਮਾਣ ਜਗਾ ਕੇ ਉਨ੍ਹਾਂ ਨੂੰ ਭਗਤੀ ਅਤੇ ਸਮਾਜਿਕ ਖੇਤਰ ਵਿਚ ਕੁਲੀਨ ਵਰਗ ਦੇ ਬਰਾਬਰ ਖੜਾ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਆਪਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਜਾਤ-ਪਾਤ, ਊਚ-ਨੀਚ, ਸੁੱਚ-ਭਿੱਟ ਅਤੇ ਛੂਆ-ਛੂਤ ਵਿਰੁੱਧ ਹੱਕ ਤੇ ਸੱਚ ਦੀ ਆਵਾਜ਼ ਬੁਲੰਦ ਕਰਨਾ ਗੁਰੂ ਰਵਿਦਾਸ ਜੀ ਦਾ ਇਕ ਕ੍ਰਾਂਤੀਕਾਰੀ ਕਦਮ ਸੀ।

ਮਨੁੱਖ, ਸਮਾਜ ਅਤੇ ਧਰਮ ਦੀਆਂ ਕੁਰਹਿਤਾਂ, ਕਮੀਆਂ, ਕੁਰੀਤੀਆਂ, ਕੁਮਾਰਗਾਂ ਅਤੇ ਕੁਬੋਲਾਂ ਵਿਰੁੱਧ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ, ਪਿਛਾੜੇ ਤੇ ਪੀੜਤ ਵਰਗ ਦੇ ਲੋਕਾਂ ਨੂੰ ਆਪਸੀ ਪਿਆਰ, ਸਤਿਕਾਰ, ਸੁਤੰਤਰਤਾ ਅਤੇ ਸੁਕਿਰਤ ਜਿਹੇ ਸ੍ਰੇਸ਼ਟ ਗੁਣ ਪੈਦਾ ਕਰਕੇ 'ਸਤ ਸੰਗਤਿ ਮਿਲਿ ਰਹੀਐ' ਵਾਲਾ ਇਕ ਸੁੱਚਜਾ ਸਮਾਜ ਸਿਰਜਣ ਦਾ ਸੁਨੇਹਾ ਗੁਰੂ ਰਵਿਦਾਸ ਬਾਣੀ ਦਾ ਮੂਲ ਮੰਤਵ ਹੈ। ਆਪਨੇ ਉੱਚਤਮ ਸ਼੍ਰੇਣੀਆਂ ਦੀ ਅਖੌਤੀ ਸ੍ਰੇਸ਼ਟਤਾ ਨੂੰ ਨਿਡਰ, ਨਿਰਭੈ ਤੇ ਨਿਸ਼ੰਗ ਹੋ ਕੇ, ਸੱਚ ਸੁਣਾ ਕੇ ਵੰਗਾਰਿਆ, 'ਪੰਡਿਤ ਸੂਰ ਛਤਰਪਤਿ ਰਾਜਾ' ਦੀ ਗੁਲਾਮੀ ਨੂੰ ਫਟਕਾਰਿਆ ਅਤੇ ਖ਼ੂਬਸੂਰਤ ਢੰਗ ਨਾਲ 'ਭਗਤ ਬਰਾਬਰਿ ਅਉਰ ਨ ਕੋਇ' ਕਹਿ ਕੇ ਭਗਤ ਨੂੰ ਉੱਚਾ ਤੇ ਪਵਿੱਤਰ ਦਸਦਿਆਂ ਉਪਰੋਕਤ ਤਿੰਨਾਂ ਨੂੰ ਤੁੱਛ ਕਰਾਰ ਦਿੱਤਾ।

ਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਹਲੇ। ਆਪਨੇ ਚਿਤੌੜ ਦੀ ਮਹਾਰਾਣੀ ਝਾਲੀ ਉਰਫ਼ ਰਤਨ ਕੁੰਵਰ ਅਤੇ ਉਸ ਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਗੁਰੂ ਰਵਿਦਾਸ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਵਾਂਗ ਹੀ ਪਵਿੱਤਰ ਸਮਝਦੇ ਸਨ। ਆਪ ਨੂੰ ਆਪਣੇ ਜੀਵਨ ਵਿਚ ਜਿੰਨਾ ਮਾਣ ਤੇ ਸਨਮਾਨ ਪ੍ਰਾਪਤ ਹੋਇਆ, ਇਹ ਵੀ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੀ ਹੈ। ਚਿਤੌੜ ਦਾ ਸ਼ਾਹੀ ਘਰਾਣਾ, ਕਾਸ਼ੀ ਨਰੇਸ਼ ਹਰਦੇਵ ਸਿੰਘ ਨਾਗਰ ਅਤੇ ਬਨਾਰਸ ਦੇ ਅਨੇਕ ਪ੍ਰਮੁੱਖ ਪੰਡਿਤ ਆਪ ਦੇ ਸੇਵਕਾਂ ਵਿਚੋਂ ਸਨ। ਜੇਕਰ ਆਪ ਚਾਹੁੰਦੇ ਤਾਂ ਰਾਜਗੁਰੂ ਵਾਲਾ ਆਰਾਮ-ਪ੍ਰਸਤ ਜੀਵਨ ਬਤੀਤ ਕਰ ਸਕਦੇ ਸਨ, ਪ੍ਰੰਤੂ ਉਨ੍ਹਾਂ ਨੇ ਇੰਜ ਨਹੀਂ ਕੀਤਾ। ਉਹ ਸਾਰੀ ਉਮਰ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਦੇ ਰਹੇ, ਸਗੋਂ ਇਸ ਧਰਮ ਦੀ ਕਿਰਤ ਵਿਚੋਂ ਸਾਧ-ਸੰਗਤ ਦੀ ਸੇਵਾ ਕਰਦੇ ਹੋਏ ਜਨ-ਸਾਧਾਰਨ ਲਈ ਰੋਲ ਮਾ2ਡਲ ਬਣੇ। ਉਨ੍ਹਾਂ ਨੇ ਜੀਵਨ ਵਿਚ ਜੋ ਵਿਚਾਰਿਆ, ਉਸ ਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ। ਆਪ ਦੇ ਵਿਅਕਤੀਤਵ ਦੀ ਇਸ ਵਿਸ਼ੇਸ਼ਤਾ ਦੀ ਪ੍ਰਸ਼ੰਸਾ ਕਰਦਿਆਂ ਗੁਰੂ ਸਾਹਿਬਾਨ ਅਤੇ ਦੂਸਰੇ ਸੰਤ-ਕਵੀਆਂ ਨੇ ਵੀ ਆਪਦੀ ਮਹਿਮਾ ਦਾ ਗਾਇਣ ਕੀਤਾ ਹੈ :

ਰਵਿਦਾਸ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ
ਪਤਿਤ ਜਾਤ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ।
(ਗੁਰੂ ਰਾਮ ਦਾਸ, ਆਦਿ ਗ੍ਰੰਥ, ਪੰਨਾ 733)

ਰਵਿਦਾਸ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ।
ਪਰਗਟ ਹੋਆ ਸਾਧ ਸੰਗਿ
ਹਰਿ ਦਰਸਨ ਪਾਇਆ।
(ਗੁਰੂ ਅਰਜਨ ਦੇਵ, ਆਦਿ ਗ੍ਰੰਥ, ਪੰਨਾ 487)

ਸਤਿਗੁਰੂ ਰਵਿਦਾਸ ਜੀ ਨੇ ਆਰਥਿਕ ਸੰਪਨਤਾ ਲਈ ਨਿਰੰਤਰ ਸੁਕਰਿਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਦਿੱਤੀ। ਇਹੀ ਭਾਵਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਆਪਦਾ ਸਪੱਸ਼ਟ ਮੱਤ ਸੀ ਕਿ ਜਨ-ਕਲਿਆਣ ਦੀ ਭਾਵਨਾ ਨਾਲ ਉਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦੈ:

ਸੋ ਕਤ ਜਾਨੈ ਪੀਰ ਪਰਾਈ
ਜਾ ਕੈ ਅੰਤਰਿ ਦਰਦ ਨਾ ਪਾਈ?

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉੱਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਇਕ ਅਜਿਹਾ ਰਾਜ ਅਤੇ ਸਮਾਜ ਜਿਸ ਵਿਚ ਸਮੁੱਚੀ ਮਨੁੱਖਤਾ ਗ਼ਮ-ਰਹਿਤ ਹੋਵੇ, ਜਿੱਥੇ ਕੋਈ ਚਿੰਤਾ, ਮਾਯੂਸੀ, ਮਜਬੂਰੀ ਅਤੇ ਲਾਚਾਰੀ ਵਿਚ ਨਿਰਾਸ਼ ਆਪਣਾ ਜੀਵਨ ਫੁੱਟਪਾਥਾਂ ਉੱਪਰ ਬਤੀਤ ਨਾ ਕਰੇ ਅਤੇ ਜਿੱਥੇ ਨਾ ਅਸਮਾਨਤਾ, ਨਾ ਜਾਤ-ਪਾਤੀ ਘ੍ਰਿਣਾ, ਨਾ ਊਚ-ਨੀਚ, ਨਾ ਵਰਨ-ਵੰਡ, ਨਾ ਧੋਖਾ, ਨਾ ਠੱਗੀ, ਨਾ ਛਲ-ਕਪਟ, ਨਾ-ਬੇਈਮਾਨੀ, ਨਾ ਕੁਰਪਸ਼ਨ, ਨਾ ਇਸਤਰੀ ਵਰਗ ਦੀ ਨਿਰਾਦਰੀ, ਨਾ ਕੋਈ ਆਡੰਬਰ, ਨਾ ਕਰਮ-ਕਾਂਡ, ਨਾ ਅੰਧ-ਵਿਸ਼ਵਾਸ, ਨਾ ਵਹਿਮ-ਪ੍ਰਸਤੀ ਅਤੇ ਨਾ ਪਾਖੰਡਵਾਦ ਹੋਵੇ। ਇਸ ਰਾਜ ਦਾ ਹਰ ਵਾਸੀ ਨਿਰਭਉ ਅਤੇ ਨਿਰਵੈਰ ਆਪਣਾ ਜੀਵਨ ਬਤੀਤ ਕਰ ਸਕੇ। ਅਜਿਹੇ ਸਰਬ-ਸੰਪਨ, ਸਰਬ-ਧਰਮ ਏਕਤਾ ਅਤੇ ਵਿਸ਼ਵ ਬੰਧੂਤਵ ਭਰਪੂਰ ਰਾਜ ਦੇ ਸੰਕਲਪ ਦੀ ਸਿਰਜਣਾ ਗੁਰੂ ਰਵਿਦਾਸ ਜੀ ਵਰਗੇ ਮਹਾਨ ਮਾਨਵਵਾਦੀ ਹੀ ਕਰ ਸਕਦੇ ਹਨ। ਇਸ ਸੰਬੰਧੀ ਡਾ. ਜੀਤ ਸਿੰਘ ਸੀਤਲ ਦਾ ਕਥਨ ਵਾਚਣ ਯੋਗ ਹੈ:

ਜਦ ਅਸੀਂ ਭਗਤ ਰਵਿਦਾਸ ਦੇ ਉਪਰਲੇ ਸ਼ਬਦ ਨੂੰ ਵੇਖਦੇ ਹਾਂ ਤਾਂ ਵੱਡੇ-ਵੱਡੇ ਸਮਾਜ ਵਿਗਿਆਨੀ, ਬੁੱਧੀਜੀਵੀ ਤੇ ਰਾਜਸੀ ਸ਼ਾਸਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ ਦੇਸ, ਸਮਰਾਜ, ਸਮ ਸ਼ਹਿਰੀ, ਸਮ-ਅਧਿਕਾਰੀ ਤੇ ਮਾਨਵ ਵਤਨਗਾਹ ਦਾ ਸੰਕਲਪ ਨਾ ਕਰ ਸਕਦੇ।
(ਪੰਜਾਬੀ ਦੁਨੀਆ, ਗੁਰੂ ਰਵਿਦਾਸ ਵਿਸ਼ੇਸ਼ ਅੰਕ, 1977 ਪੰ. 15)

ਵਾਸਤਵ ਵਿਚ ਗੁਰੂ ਰਵਿਦਾਸ ਜੀ ਨੇ ਰਹੱਸ-ਮਈ ਪਾਰਲੌਕਿਕਤਾ ਨੂੰ ਜਨ-ਕਲਿਆਣ ਹਿੱਤ ਲੌਕਿਕਤਾ ਵਿਚ ਪਰਿਵਰਤਿਤ ਕਰਨ ਦਾ ਇਤਿਹਾਸਕ ਕਾਰਜ ਕੀਤਾ ਹੈ। ਆਪ ਦਾ ਇਹ ਸ਼ਬਦ ਅਰਥਚਾਰੇ ਦਾ ਇਕ ਵਿਚਾਰਨਯੋਗ ਮਾਡਲ ਹੈ। ਪ੍ਰੰਤੂ ਪਦਾਰਥਵਾਦੀ ਰੁਚੀਆਂ ਤੇ ਆਧੁਨਿਕ ਯੁੱਗ ਦੀਆਂ ਵਿਗਿਆਨਕ ਪ੍ਰਾਪਤੀਆਂ ਦੇ ਪ੍ਰਭਾਵ ਅਧੀਨ ਅਸੀਂ ਆਪਣੇ ਮਹਾਨ ਸੰਤ-ਸਤਿਗੁਰੂਆਂ ਦੀ ਵਿਚਾਰਧਾਰਾ ਤੋਂ ਵਿਵਹਾਰਕ ਰੂਪ ਵਿਚ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਜੇਕਰ ਆਪਣੀ ਸਵੈ-ਪੜਚੋਲ ਕਰੀਏ, ਆਪਣੇ ਚੁਗਿਰਦੇ ਨਜ਼ਰ ਮਾਰੀਏ ਤਾਂ ਅਜੋਕੀਆਂ ਤੇ ਮੱਧਕਾਲੀਨ ਪਰਿਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਅੱਜ ਫਿਰ ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਤੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਮੌਜੂਦ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ ਤੇ ਬੇਰੁਖੀ, ਬਦਇਖ਼ਲਾਕੀ, ਬੇਈਮਾਨੀ, ਬੇਕਾਇਦਗੀ, ਬੇ-ਗ਼ੈਰਤੀ, ਬੇਤਰਸੀ, ਬੇਦਰਦੀ, ਬੇਪਰਤੀਤੀ, ਬੇਵਿਸ਼ਵਾਸੀ, ਬੇਪਰਵਾਹੀ, ਬੇਵਫ਼ਾਈ, ਬੇਲਿਹਾਜੀ ਅਜੋਕੇ ਮਨੁੱਖ ਦੀ ਵਿਸ਼ੇਸ਼ਤਾ ਬਣ ਗਏ ਹਨ।

ਅੱਜ ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਲੋਭ, ਲਾਲਚ, ਲਾਲਸਾ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਵਹਾਰਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਬ੍ਰਾਹਮਣਵਾਦੀ ਕਰਮ-ਕਾਂਡ, ਆਡੰਬਰ ਤੇ ਪਾਖੰਡ ਦਾ ਗੁਰੂ ਜੀ ਨੇ ਖੰਡਣ ਕੀਤਾ, ਉਸ ਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਹੈ। ਗੁਰੂ ਰਵਿਦਾਸ ਧਰਮ-ਅਸਥਾਨਾਂ ਤੇ ਇਕ ਪਾਸੇ ਤਾਂ ਗੁਰੂ ਜੀ ਦੀ ਮੂਰਤੀ ਅੱਗੇ ਥਾਲ ਸਜਾ ਕੇ, ਜੋਤਾਂ ਜਗਾ ਕੇ ਆਰਤੀ ਉਤਾਰੀ ਜਾਂਦੀ ਹੈ ਅਤੇ ਦੂਸਰੇ ਪਾਸੇ ਗੁਰੂ ਜੀ ਦੇ ਆਰਤੀ-ਵਿਰੋਧੀ ਉਚਾਰੇ ਸ਼ਬਦ 'ਨਾਮ ਤੇਰੋ ਆਰਤੀ' ਦਾ ਗਾਇਣ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਵਾਲੇ ਮਹਾਂਪੁਰਸ਼ਾਂ ਨੂੰ ਚਾਹੀਦੈ, ਬਾਣੀ ਦੀ ਵਿਆਖਿਆ ਕਰਕੇ ਸੰਗਤ ਨੂੰ ਇਸ ਕੁਰਹਿਤ ਤੋਂ ਰੋਕਣ।

ਗੁਰੂ ਜੀ ਨੇ ਤਾਂ 'ਆਰਤੀ' ਵਾਲੇ ਸ਼ਬਦ ਵਿਚ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ਅਤੇ 'ਭਾਰ ਅਠਾਰਹ ਸਗਲ ਜੂਠਾਰੇ' ਫ਼ਰਮਾ ਕੇ ਆਰਤੀਆਂ ਉਤਾਰਣ ਦਾ ਪੁਰਜ਼ੋਰ ਖੰਡਣ ਕੀਤਾ ਹੈ। ਇਸੇ ਲਈ ਹੀ ਗੁਰੂ ਰਵਿਦਾਸ ਧਾਰਮਿਕ-ਸਥਾਨਾਂ ਤੇ ਸ਼ਬਦ-ਗਾਇਣ ਦੇ ਨਾਲ ਬਾਣੀ ਦੀ ਵਿਆਖਿਆ ਕਰਨੀ ਵਧੇਰੇ ਲੋੜੀਂਦੀ ਹੈ ਤਾਕਿ ਦਲਿਤ ਸਮਾਜ ਵਿਵਾਹਿਕ ਰੂਪ ਵਿਚ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਪਨਾ ਕੇ 'ਰਵਿਦਾਸਮਯ' ਬਣ ਸਕੇ। ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਾਹਿਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰਨ ਦਾ ਯਤਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਤ ਸਰਵਨ ਦਾਸ ਮਾਡਲ ਸਕੂਲ ਹਦੀਆਬਾਦ ਦਾ ਸਲਾਨਾ ਸਮਾਗਮ ਆਯੋਜਿਤ

## "ਜੱਗ ਵਿੱਚ ਧੁੰਮਾਂ ਪਈਆ ਕਾਂਸ਼ੀ ਦੇ ਜਨਮ ਸਥਾਨ ਦੀਆਂ" ਕਵਾਲੀ ਗਾ ਕੇ ਵਿਦਿਆਰਥੀਆਂ ਨੇ ਸਮਾਗਮ ਨੂੰ ਬਣਾਇਆ ਪ੍ਰਭਾਵਸ਼ਾਲੀ

ਫਗਵਾੜਾ 25 ਜਨਵਰੀ (ਬੀ ਕੇ ਰੱਤੂ) - ਸੰਤ ਸਰਵਨ ਦਾਸ ਮਾਡਲ ਸਕੂਲ ਮਸਤ ਨਗਰਹਦੀਆਬਾਦਦਾ 10ਵਾਂ




ਸਲਾਨਾ ਸਮਾਗਮ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਸੰਤ ਨਿਰੰਜਨ ਦਾਸ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾ ਵਾਲਿਆ ਨੇ ਦੀਪਕ ਰੌਸ਼ਨ ਕਰਕੇ ਸਮਾਗਮ ਦੀ ਰਸਮ ਅਦਾ ਕੀਤੀ। ਇਸ ਸਮਾਗਮ ਦੇ ਵਿੱਚ ਸਕੂਲ ਦੇ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਆਦਿ ਨੇ ਸ਼ਿਰਕਤ ਕਰਕੇ ਸਮਾਗਮ ਦੀ ਰੌਣਕ ਦੇ ਵਿੱਚ ਅਥਾਹ ਵਾਧਾ ਕੀਤਾ। ਸਮਾਗਮ ਦੇ ਸ਼ੁਰੂਆਤ ਵਿੱਚ ਸ਼ਬਦ ਸਤਗੁਰ ਕੇ ਸਗਿ ਲਾਗ ਕਰ ਲੋਹਾ ਹੋਵੇ ਪਾਰ ਪੇਸ਼ ਕੀਤਾ ਗਿਆ। ਉਪਰੰਤ ਛੋਟੇ ਵਿਦਿਆਰਥੀਆ ਨੇ ਭੰਗੜਾਂ ਪਾ ਕੇ ਸਮਾਗਮ ਨੂੰ ਉਤਸ਼ਾਹ ਪੂਰਨ ਬਣਾ ਦਿੱਤਾ। ਪੰਜਵੀਂ ਛੇਵੀਂ ਦੇ ਵਿਦਿਆਰਥੀਆਂ ਨੇ ਹੈਰੀ ਗੰਦਵਾਂ ਵਾਲੇ ਦਾ ਗੀਤ ਸਰਵਨ ਦਾਸ ਗੁਰਾਂ ਦੇ ਨਾਂ ਤੇ ਵਿਦਿਆ ਦਾ ਮੰਦਰ ਖੋਲ ਗਏ ਗੀਤ ਗਾਇਨ ਕੀਤਾ। ਉਪਰੰਤ ਕਵਾਲੀ ਸਾਰੇ ਜੱਗ ਵਿੱਚ ਧੁੰਮਾਂ ਪਈਆ ਕਾਂਸ਼ੀ ਦੇ ਜਨਮ ਸਥਾਨ ਦੀਆਂ ਮਾਸਟਰ ਕੁਲਦੀਪ ਔਟਾ, ਸੁਰਜੀਤ, ਕੈਲਾਸ਼, ਹੈਰੀ ਭਟੋਆ, ਗੁਲਸ਼ਨ, ਨਵੀ, ਹਰਪ੍ਰੀਤ, ਰੋਹਿਤ ਅਤੇ ਸਚਿਨ ਆਦਿ ਵਿਦਿਆਰਥੀਆਂ ਨੇ ਕਵਾਲੀ ਗਾ ਕੇ ਸਮਾਗਮ ਦੀ ਰੌਣਕ ਵਿੱਚ ਅਥਾਹ ਵਾਧਾ ਕੀਤਾ। ਮਲਵਈ ਗਿੱਧਾ, ਕੱਥਕ, ਹਿਪ ਹੋਪ, ਮਹਾਰਾਸ਼ਟਰਾ ਡਾਂਸ ਦੇ ਵਿੱਚ ਮਹਿਕ, ਤਰੋਜਨਾ, ਹਿਮਾਨੀ, ਲਵਪ੍ਰੀਤ, ਅਨੀਸ਼ਾ, ਅਨੂ, ਹਰਜੋਤ ਅਤੇ ਜਸ਼ਨਪ੍ਰੀਤ ਵਿਦਿਆਰਥਣਾਂ ਨੇ ਡਾਂਸ ਕਰਕੇ ਸਮਾਗਮ ਨੂੰ ਉਤਸ਼ਾਹ ਪੂਰਨ ਬਣਾ ਦਿੱਤਾ। ਇਸ ਮੌਕੇ ਪ੍ਰਿੰਸੀਪਲ ਬਬੀਤਾ ਸੈਣੀ ਨੇ ਸਮਾਗਮ ਦੌਰਾਨ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਮੁੱਖ ਮਹਿਮਾਨ ਸੰਤ ਨਿਰੰਜਨ ਦਾਸ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾ, ਅਮਰੀਕ ਵਿਰਦੀ ਸੈਕਟਰੀ ਸੰਤ ਸਰਵਨ ਦਾਸ ਚੈਰੀ-ਟੇਬਲ ਟਰੱਸਟ, ਪ੍ਰਿੰਸੀਪਲ ਬਬੀਤਾ ਸੈਣੀ ਆਦਿ ਨੇ ਵਿਦਿਆਰਥੀਆਂ ਨੂੰ ਇਨਾਮ ਵੰਡੇ। ਇਸ ਮੌਕੇ ਸਟੇਜ ਸੰਚਾਲਕ ਦੀ ਭੂਮਿਕਾ ਵਾਈਸ ਪ੍ਰਿੰਸੀਪਲ ਪ੍ਰੋ:ਲਾਲ ਬਹਾਦਰ ਨੇ ਬਾਖੂਬੀ ਅਦਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਮਨਜੀਤ ਦਾਸ ਜੀ ਬਨਾਰਸ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਲੇਖ ਰਾਜ ਨੂਰਪੁਰ, ਸੰਤ ਜਸਵੰਤ ਦਾਸ ਰਾਵਲਪਿੰਡੀ, ਡਾ:ਸਤੀਸ਼ ਸੁਮਨ ਜਨਰਲ ਸਕੱਤਰ ਗੁਰੂ ਰਵਿਦਾਸ ਫੋਰਮ ਪੰਜਾਬ, ਸੇਠ ਸਤਪਾਲ ਮਲ, ਸੇਠ ਦੇਸ ਰਾਜ, ਐਡਵੋਕੇਟ ਸਤਪਾਲ ਵਿਰਦੀ ਸੈਕਟਰੀ, ਸੁਰਜੀਤ ਸਰੋਏ ਇੰਗਲੈਂਡੀਅਨ, ਜਗਦੀਸ਼ ਘੇੜਾ ਇੰਗਲੈਂਡੀਅਨ, ਚੰਦਰੇਸ਼ ਕੌਲ, ਮੰਗਤ ਰਾਮ ਸਾਬਕਾ ਸਰਪੰਚ ਢੰਡੋਲੀ, ਮਦਨ ਮੋਹਨ, ਬਲਜੀਤ ਕੁਮਾਰ, ਹਰਦੀਪ ਗੰਦਵਾਂ,ਕੁਲਦੀਪ ਔਟਾ, ਸੰਜੀਵ ਕੁਮਾਰ, ਬੀਨਦਰ, ਕਮਲ ਸੁਮਨ,ਜੋਤੀ ਗੌਤਮ,ਮਿਸ



ਨੀਰੂ,ਵੰਦਨਾ ਢੰਡ,ਆਰਤੀ, ਦੀਪਸ਼ਕਾ, ਮਿਸ ਮੀਨਾ, ਜਤਿੰਦਰ ਕੌਰ,ਰਜਿੰਦਰ ਕੌਰ ਆਦਿ ਸਮੂਹ ਸਟਾਫ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਤਾ ਪਿਤਾ ਸ਼ਾਮਿਲ ਹੋਏ।

# ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਚੱਕ ਹਕੀਮ ਵਲੋਂ ਬੜੀ ਸ਼ਰਧਾ ਨਾਲ ਮਾਘੀ ਮੇਲਾ ਕਰਵਾਇਆ

ਫਗਵਾੜਾ (ਬੀ ਕੇ ਰੱਤੂ)- ਇਤਿਹਾਸਕ ਪਿੰਡ ਚੱਕ ਹਕੀਮ ਜਿਸਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਹੈ।ਵਿਖੇ ਨਾਮ ਦੇ ਰਸੀਏ ਘੋਰ ਤਪੱਸਵੀ ਮਸਤ ਸੰਤ ਬਾਬਾ ਅਤਰਾ ਦਾਸ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਮਾਘੀ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵੀਰ ਰਾਜਾ ਸੋਢੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਗਿਆ।ਅੱਜ ਸਵੇਰੇ 10ਵਜੇ ਸ਼੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ।ਜਿਸ ਵਿੱਚ ਪ੍ਰਸਿੱਧ ਕੀਰਤਨੀ ਜਥਿਆਂ ਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ



ਕੀਤਾ।ਇਸ ਸਮੇਂ ਸੰਤ ਮਹਾਂਪੁਰਸ਼ਾਂ ਨੇ ਪਹੁੰਚ ਕੇ ਨਾਮ ਬਾਣੀ ਨਾਲ ਜੋੜਿਆ। ਉਪਰੰਤ ਖੁੱਲੇ ਅਖਾੜੇ ਦੇ ਵਿੱਚ ਨਾਮਵਰ ਕਲਾਕਾਰ ਗੁਰਮੇਜ ਮੇਹਲੀ, ਸੱਤੀ ਖੋਖੇਵਾਲੀਆਂ, ਮਨਜੀਤ ਮਸਤ, ਕਲੇਰ ਸਿਸਟਰਜ਼, ਅਮਰਜੀਤ ਕੌਲ ਅਤੇ ਜਨਕ ਰਾਜ ਚੱਕ ਹਕੀਮ ਆਦਿ ਕਲਾਕਾਰਾਂ ਨੇ ਗੁਰੂ ਮਹਾਰਾਜ ਜੀ ਦੀ ਬਾਣੀ ਦਾ ਗੁਣਗਾਨ ਕੀਤਾ ਗਿਆ। ਸੂਫੀ ਗਾਇਕ ਜਨਕ ਰਾਜ ਨੇ 'ਫੱਕਰ ਦੀ ਮੌਜ'ਮਸਤਾਂ ਦੀ ਮਸਤੀ ਨਾਲ ਸੰਗਤਾਂ ਨੂੰ ਝੂਮਣ ਲਾ ਦਿੱਤਾ।ਉਪਰੰਤ ਅਮਰਜੀਤ ਕੌਲ ਨੇ ਜੈ ਕਾਰੇ ਸਤਿਗੁਰ ਦੇ ਨਾਲ ਸੰਗਤਾਂ ਦੇ ਵਿੱਚ ਹਾਜ਼ਰੀ ਲਗਵਾਈ। ਉਪਰੰਤ ਖੁੱਲੇ ਅਖਾੜੇ ਦੇ ਵਿੱਚ ਛਿੰਝ ਮੇਲੇ ਦਾ ਆਯੋਜਿਤ ਕੀਤਾ ਗਿਆ। ਜਿਸਦੇ ਵਿੱਚ ਪੰਜਾਬ ਪ੍ਰਸਿੱਧ ਪਹਿਲਵਾਨਾਂ ਨੇ ਹਿੱਸਾ ਲਿਆ।

ਜਿਸ ਵਿੱਚ ਅਖਾੜੇ ਦਾ ਉਦਘਾਟਨ ਸਾਂਈ ਉਮਰੇ ਸ਼ਾਹ ਜੀ ਕਾਦਰੀ ਗੱਦੀ ਨਸ਼ੀਨ ਦਰਬਾਰ ਮੰਢਾਲੀ ਸ਼ਰੀਫ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਛਿੰਝ ਮੇਲੇ ਦੇ ਵਿੱਚ ਜਸਬੀਰ ਪਹਿਲਵਾਨ ਢਾਹਾਂ ਵਾਲੇ ਨੇ ਰਾਜੂ ਪਹਿਲਵਾਨ ਗੜਸ਼ੰਕਰ ਨੂੰ ਹਰਾਇਆ, ਹੈਪੀ ਪਹਿਲਵਾਨ ਪਲਾਹੀ ਨੇ ਬਾਵਾ ਪਹਿਲਵਾਨ ਬਾਹਰੋਵਾਲ ਨੂੰ ਹਰਾਇਆ, ਦੂਸਰੇ ਨੰਬਰ ਦੀ ਕੁਸ਼ਤੀ ਦੇ ਵਿੱਚ ਚੰਗਿਆੜਾ ਪਹਿਲਵਾਨ ਹਦੀਆਬਾਦ ਨੇ ਕੁਲਵਿੰਦਰ ਪਹਿਲਵਾਨ ਮੋਰੋਂ ਨੂੰ ਹਰਾਇਆ। ਪਟਕੇ ਦੀ ਕੁਸ਼ਤੀ ਦੇ ਵਿੱਚ ਸ਼ਮੀ ਪਹਿਲਵਾਨ ਫਗਵਾੜਾ ਨੇ ਰਵਿੰਦਰ ਪਹਿਲਵਾਨ ਮੋਹਾਲੀ ਨੂੰ ਫਸਵੇਂ ਮੁਕਾਬਲੇ ਦੇ ਵਿੱਚ ਹਰਾ ਕੇ ਛਿੰਝ ਨੂੰ ਉਤਸ਼ਾਹ ਪੂਰਨ ਬਣਾ ਦਿੱਤਾ।

ਇਸ ਸਮੇਂ ਪ੍ਰਸਿੱਧ ਪਹਿਲਵਾਨ ਬਿੱਲੂ ਪਹਿਲਵਾਨ ਨੂੰ ਜਸਵਿੰਦਰ ਬੰਗੜ ਚੱਕ ਹਕੀਮ ਵਲੋਂ ਮੋਟਰ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਹੋਏ ਸਮਾਗਮ ਅਤੇ ਛਿੰਝ ਮੇਲੇ ਦੇ ਵਿੱਚ ਬਲਵੀਰ ਰਾਜਾ ਸੋਢੀ ਪ੍ਰਧਾਨ ਤੋਂ ਇਲਾਵਾ ਜੋਗਿੰਦਰ ਸਿੰਘ ਮਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ, ਨਿਮਿਸ਼ਾ ਮਹਿਤਾ ਬੁਲਾਰਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ,ਕਿਸ਼ਨ ਦਾਸ ਛਿੰਦੀ ਸਾਬਕਾ ਸਰਪੰਚ, ਦਵਿੰਦਰ ਕੁਲਥਮ ਮੀਤ ਪ੍ਰਧਾਨ, ਸ਼ਰਧਾ ਰਾਮ ਐਡਵੋਕੇਟ, ਸੁਦਰਸ਼ਨ ਗੋਇਲ ਪ੍ਰਧਾਨ ਬਾਬਾ ਅਤਰਾ ਦਾਸ ਕਮੇਟੀ, ਪਰਮਜੀਤ ਨੰਬਰਦਾਰ ਖੰਗੂੜਾ,ਰਣਜੀਤ ਸਿੰਘ ਸੋਢੀ ਪਲਾਹੀ,ਚਮਨ ਲਾਲ ਹੀਰਾ, ਜਸਵੀਰ ਜੱਸਲ, ਮਹਿੰਦਰ ਪਾਲ ਮਿੰਦੀ ਆਦਿ ਤੋਂ ਇਲਾਵਾ ਭਾਰੀ ਗਿਣਤੀ ਦੇ ਵਿੱਚ ਲੋਕ ਸ਼ਾਮਿਲ ਹੋਏ।

# ਸੂਬਾ ਪੱਧਰੀ ਗਣਿਤ ਵਿਗਿਆਨ ਉਲੰਪੀਆਡ 'ਚ ਕਮਲ ਨੇ ਕੀਤੀ ਮੁਕੰਦਪੁਰ ਦੀ ਪ੍ਰਤੀਨਿਧਤਾ

ਮੁਕੰਦਪੁਰ - (ਰੇਸ਼ਮ ਕਰਨਾਣਵੀ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁਕੰਦਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਕਮਲ ਨੇ ਜ਼ਿਲ੍ਹਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਾਇੰਸ ਸਿੱਖਿਆ ਸੰਸਥਾ ਪੰਜਾਬ ਵਲੋਂ ਪੰਜਾਬ ਰਾਜ ਨਿਪੁੰਨਤਾ ਪ੍ਰੀਖਿਆ ਵਿਚ ਭਾਗ ਲੈ ਕੇ ਅੱਠਵੀਂ ਜਮਾਤ ਦੇ 1853 ਵਿਦਿਆਰਥੀਆਂ ਵਿਚੋਂ ਸੱਤਵਾਂ ਸਥਾਨ ਪ੍ਰਾਪਤ ਕੀਤਾ। ਇਸ ਤੋਂ ਪਹਿਲਾਂ ਬਲਾਕਪੱਧਰ ਦੇ ਮੁਕਾ-



ਬਲੇ ਵਿਚ ਬਲਾਕ ਔੜ ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਕਸਬਾ ਮੁਕੰਦਪੁਰ ਦੇ ਕਸ਼ਮੀਰ ਕੌਰ ਅਤੇ ਸੁਰਜੀਤ ਰਾਮ ਹੋਣਹਾਰ ਸਪੁੱਤਰੀ ਤੇ ਸਕੂਲ ਨੂੰ ਮਾਣ ਹੈ। ਇਸ ਮੁਕਾਬਲੇ ਵਿਚੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਚਾਰ ਸਾਲ ਤੱਕ 200 ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ। ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਅਮਰਜੀਤ ਸਿੰਘ ਖਟਕੜ ਅਤੇ ਸਟਾਫ਼ ਨੇ ਕਮਲਾ ਦੀ ਪ੍ਰਾਪਤੀ ਨੂੰ ਮਾਣਮਈ ਦੱਸਿਆ।

# ਗਾਇਕ ਹਰਪ੍ਰੀਤ ਰੰਧਾਵਾ ਦੀ ਨਵੀਂ ਐਲਬਮ ਦਾ ਧਾਰਮਿਕ ਗੀਤ "ਚੜ੍ਹਦੀ ਕਲਾ" ਸੋਸ਼ਲ ਸਾਇਟਾਂ ਤੇ ਹੋਇਆ ਚਰਚਿਤ

ਰੋਮ (ਇਟਲੀ)- ਸਮੁੱਚੇ ਵਿਸ਼ਵ ਭਰ ਚ ਪੰਜਾਬੀ ਗਾਇਕੀ ਚ ਆਪਣੀ ਨਿਵੇਕਲੀ, ਦਿਲਕਸ਼ ਅਤੇ ਖੂਬਸੂਰਤ ਅਵਾਜ ਰਾਹੀ ਨਾਮਣਾ ਖੱਟਣ ਵਾਲੇ ਪੰਜਾਬੀਆਂ ਦੇ ਹਰਦਿਲ ਅਜੀਜ਼ ਅਤੇ ਚਹੇਤੇ ਗਾਇਕ ਹਰਪ੍ਰੀਤ ਰੰਧਾਵਾ ਦੀ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰਪੁਰਬ ਨੂੰ ਸਮਰਪਿਤ ਨਵੀਂ ਧਾਰਮਿਕ ਐਲਬਮ"ਚੜਦੀ ਕਲਾ" ਦਾ ਧਾਰਮਿਕ ਗੀਤ "ਰਵਿਦਾਸੀਆਂ ਦੀ ਰਹੂ ਸਦਾ ਚੜਦੀ ਕਲਾ" ਅਜਕਲ ਸੋਸ਼ਲ ਸਾਇਟਾਂ ਯੂ ਟੀਊਬ,ਫੇਸ ਬੁੱਕ, ਵਾਟਸਐਪ ਤੇ ਚਰਚਿਤ ਹੋਇਆ ਹੈ।ਪ੍ਰੈਸ ਨੂੰ ਜਾਣਕਾਰੀ ਦਿੰਦਿਆ ਗਾਇਕ ਹਰਪ੍ਰੀਤ ਰੰਧਾਵਾ ਨੇ ਦੱਸਿਆ ਕਿ ਇਹ ਐਲਬਮ ਵਿਸ਼ਵ ਪੱਧਰ ਪੰਜਾਬ ਤੋ ਇਲਾਵਾ ਇੰਗਲੈਡ, ਕਨੇਡਾ,



ਅਮਰੀਕਾ, ਯੂਰਪ ਅਤੇ ਅਸਟ੍ਰੇਲੀਆ ਵਿਚ ਵੀ ਰੀਲੀਜ ਕੀਤੀ ਜਾ ਰਹੀ ਹੈ। ਇਸ ਐਲਬਮ ਚ ਉਸ ਦੇ ਗੀਤ " ਰਵਿਦਾਸੀਆਂ ਦੀ ਰਹੂ ਸਦਾ ਚੜਦੀ ਕਲਾ" ਨੂੰ ਸੰਗਤਾਂ ਵਲੋ ਪਸੰਦ ਕੀਤਾ ਜਾ ਰਿਹਾ ਹੈ ਅਤੇ "ਤੇਰਾ ਨਾਮ" ਗੀਤ ਨੂੰ ਵੀ ਬੇਹੱਦ ਹੁੰਗਾਰਾ ਮਿਲ ਰਿਹਾ ਹੈ। ਨੂਰ ਇੰਟਰਟੇਨਮੈਂਟ ਕੰਪਨੀ ਵਲੋ ਤਿਆਰ ਕੀਤੀ ਗਈ ਇਸ ਐਲਬਮ ਦੇ ਗੀਤ ਗੀਤਕਾਰ ਮਾਣੀ ਫਗਵਾੜਾ ਅਤੇ ਮਹਿੰਦਰ ਸੰਧੂ ਨੇ ਕਲਮਬੱਧ ਕੀਤੇ ਹਨ ਅਤੇ ਸੰਗੀਤ ਪ੍ਰਸਿਧ ਸੰਗੀਤਕਾਰ ਅਤੇ ਗਾਇਕ ਆਸ਼ੂ ਸਿੰਘ ਨੇ ਦਿੱਤਾ ਹੈ।ਗਾਇਕ ਹਰਪ੍ਰੀਤ ਰੰਧਾਵਾ ਨੇ ਆਸ ਪ੍ਰਗਟਾਈ ਇਸ ਐਲਬਮ ਦੇ ਹਰ ਗੀਤ ਨੂੰ ਸੰਗਤਾਂ ਵਲੋ ਭਰਵਾ ਹੁੰਗਾਰਾ ਮਿਲੇਗਾ। - ਟੇਕ ਚੰਦ ਜਗਤਪੁਰ

# ਐਨ.ਆਰ.ਆਈਜ਼.ਵਲੋਂ ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਨੂੰ ਨਕਦ ਰਾਸ਼ੀ ਭੇਂਟ

ਗੁਣਾਚੌਰ- ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵੇਟਲਿਫਟਰ ਪੈਦਾ ਕਰਨ ਦਾ ਮਾਣ ਪ੍ਰਾਪਤ ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੀ ਪ੍ਰਫੁੱਲਤਾ ਵਾਸਤੇ ਐਨ. ਆਰ. ਆਈਜ਼. ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਕਲੱਬ ਦੇ ਮੋਢੀ ਸੰਸਥਾਪਕ ਅਤੇ ਪ੍ਰਧਾਨ ਬਲਦੇਵ ਸਿੰਘ ਮਾਨ ਅਮਰੀਕਾ ਵਲੋਂ ਹਰ ਸਾਲ ਕਲੱਬ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ।

ਇਸ ਵਾਰ ਵੀ ਇੱਕ ਸਾਦੇ ਸਮਾਗਮ ਵਿਚ ਗ੍ਰਾਮ ਪੰਚਾਇਤ ਗੁਣਾਚੌਰ ਦੇ ਮੈਂਬਰਾਂ ਅਤੇ ਪਤਵੰਤਿਆਂ ਦੀ ਭਰਵੀਂ ਹਾਜ਼ਰੀ ਵਿਚ ਉਨ੍ਹਾਂ ਵਲੋਂ ਕਲੱਬ ਵਾਸਤੇ ਇੱਕ ਲੱਖ ਅੱਸੀ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ।

ਅਮਰੀਕਾ ਵਸਦੇ ਕਲੱਬ ਦੇ ਪੁਰਾਣੇ ਮੈਂਬਰ ਰਾਮ ਸਰੂਪ ਸ਼ੇਰਗਿੱਲ ਵਲੋਂ ਵੀ ਸੱਠ ਹਜ਼ਾਰ ਰੁਪਏ ਭੇਟ ਕੀਤੇ ਗਏ। ਕਲੱਬ ਦੇ ਪ੍ਰਧਾਨ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਨਾਮ ਤੇ ਆਪਣੀ ਕਿਰਤ ਕਮਾਈ ਵਿਚੋਂ ਕੱਢੀ ਗਈ ਦਸਵੰਧ ਕਲੱਬ ਦੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਅਤੇ ਲੋੜੀਂਦੇ ਸਾਜ਼ੋ ਸਮਾਨ ਵਾਸਤੇ ਦੇਣ ਤੇ ਮਨ ਨੂੰ ਖੁਸ਼ੀ ਮਿਲਦੀ ਹੈ। ਰਾਜਾ ਸਾਹਿਬ ਸਪੋਰਟਸ ਕਲੱਬ ਦੇ ਉਪ ਪ੍ਰਧਾਨ, ਉੱਘੇ ਵੇਟਲਿਫਟਰ ਅਤੇ ਮੌਜੂਦਾ ਕੋਚ ਸੰਤੋਖ ਕੁਮਾਰ ਬਿੱਲਾ ਨੇ ਬਲਦੇਵ ਸਿੰਘ ਮਾਨ ਅਤੇ ਰਾਮ ਸਰੂਪ ਸ਼ੇਰਗਿੱਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਕਲੱਬ ਨੇ ਉਲੰਪੀਅਨ ਜਸਵੀਰ ਸਿੰਘ ਵਰਗੇ ਖਿਡਾਰੀ ਪੈਦਾ ਕੀਤੇ ਹਨ।

ਹੁਣ ਵੀ ਹਰ ਸਾਲ ਤਿੰਨ-ਚਾਰ ਰਾਸ਼ਟਰੀ ਖਿਡਾਰੀ ਤਿਆਰ ਹੁੰਦੇ ਹਨ। ਇਸ ਮੌਕੇ ਕਲੱਬ ਦੇ ਸਮੂਹ ਖਿਡਾਰੀ ਹਾਜ਼ਰ ਸਨ।

# 8 ਮਾਰਚ ਦੇ ਨਗਰ ਕੀਰਤਨ ਸਬੰਧੀ ਅਖੰਡ ਪਾਠਾਂ ਦੀ ਲੜੀ ਆਰੰਭ





ਰਿਓਲਿੰਡਾ (ਸੈਕਰਾਮੈਂਟੋ)- ਸ਼੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਰਿਓਲਿੰਡਾ ਵਿਖੇ 8 ਮਾਰਚ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਅਖੰਡ ਪਾਠ ਸਾਹਿਬ ਦੀ ਲੜੀ ਚੱਲ ਰਹੀ ਹੈ। ਬੀਤੇ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਜਿਸ ਦੀ ਸੇਵਾ ਰਮਨ ਕੁਮਾਰ ਅਤੇ ਹਰਦੀਸ਼ ਕੌਰ ਪਰਿਵਾਰ ਵੱਲੋਂ ਕੀਤੀ ਗਈ। ਇਹ ਸੁਖਮਨੀ ਸਾਹਿਬ ਦੇ ਪਾਠ ਰੀਤ ਬੰਗੜ ਦੇ ਪਹਿਲੇ ਜਨਮ ਦਿਨ ਖੁਸ਼ੀ ਵਿਚ ਕਰਵਾਏ ਗਏ। ਗਿਆਨ ਚੰਦ ਢੰਡਾ ਨੂੰ ਸੇਵਾ ਬਦਲੇ ਗੁਰੂ ਘਰ ਵੱਲੋਂ ਸਨਮਾਨਿਤ ਕੀਤਾ ਗਿਆ। ਹਜ਼ੂਰੀ ਜਥਾ ਭਾਈ ਜਸਪਾਲ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਦਿਨ ਬਾਹਰ ਭਗਤ ਪੂਰਨ ਸਿੰਘ ਸੁਸਾਇਟੀ ਵੱਲੋਂ ਯੂ. ਸੀ. ਡੇਵਿਸ ਅਤੇ ਸੈਕ ਸਟੇਟ ਮੈਡੀਕਲ ਵਿਦਿਆਰਥੀਆਂ ਵੱਲੋਂ ਹੈਲਥ ਸਕਰੀਨਿੰਗ ਦਾ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸੇਵਾ ਦੇ ਲਈ ਵਿਦਿਆਰਥੀ ਹਰਵਿੰਦਰ ਸਿੰਘ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।


ਸ੍ਰੀ ਗਿਆਨ ਚੰਦ ਢੰਡਾ ਪਰਿਵਾਰ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਅਗਲੇ ਐਤਵਾਰ ਨੂੰ ਅਖੰਡ ਪਾਠ ਸਾਹਿਬ ਦੀ ਸੇਵਾ ਉਹਨਾਂ ਵੱਲੋਂ ਕੀਤੀ ਜਾ ਰਹੀ ਹੈ, ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ। ਹੋਰ ਜਾਣਕਾਰੀ ਲਈ ਜਸਵੰਤ ਜੱਸੀ ਸ਼ੀਮਾਰ ਨਾਲ 916-293-6030 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੰਡਨ ਵਿਚ ਡਾ: ਅੰਬੇਡਕਰ ਦੀਆਂ ਯਾਦਾਂ ਦੀ ਸੰਭਾਲ-ਅੰਬੇਡਕਰੀਆਂ ਦੀ ਮਿਹਨਤ ਰੰਗ ਲਿਆਈ

**ਲੰਡਨ (ਦੇਸ਼ ਦੁਆਬਾ ਬਿਊਰੋ)–** ਮਹਾਂਰਾਸ਼ਟਰ ਦੇ ਸਕੂਲੀ ਸਿਖਿਆ ਮੰਤਰੀ ਵਿਨੋਦ ਤਾਵੜੇ ਵਲੋਂ 24 ਜਨਵਰੀ ਨੂੰ ਲੰਡਨ ਵਿਖੇ ਉਹ ਘਰ ਜਿਥੇ ਡ: ਅੰਬੇਡਕਰ ਆਪਣੀ ਪੜਾਈ ਦੌਰਾਨ ਰਹੇ ਸਨ, ਮਹਾਰਾਸ਼ਟਰ ਸਰਕਾਰ ਵਲੋਂ ਖਰੀਦੇ ਜਾਣ ਦੇ ਐਲਾਨ ਨਾਲ ਸਾਰੇ ਸੰਸਾਰ ਦੇ ਅੰਬੇਡਕਰੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਫੈਲ ਗਈ। ਬਾਬਾ ਸਾਹਿਬ ਡਾ: ਅੰਬੇਡਕਰ ਸਾਲ 1921-22 ਵਿਚ ਲੰਡਨ ਸਕੂਲ ਆਫ ਇਕਨੌਮਿਕਸ ਅਤੇ ਗਰੇਜ਼ ਇਨ ਵਿਖੇ ਪੜ੍ਹਾਈ ਦੌਰਾਨ ਯੂ ਕੇ ਦੀ ਰਾਜਧਾਨੀ ਲੰਡਨ ਵਿਚ 10 ਕਿੰਗ ਹੈਨਰੀਜ਼ ਰੋਡ ਉਪਰ ਤਿੰਨ ਮੰਜ਼ਿਲਾਂ ਇਮਾਰਤ ਵਿਚ ਕਿਰਾਏ ਤੇ ਰਹੇ ਸਨ।ਜਿਥੇ ਇਸ ਘਰ ਦੀ ਬਾਹਰਲੀ ਦਿਵਾਰ ਉਪਰ ਬਰਿਟਿਸ਼ ਹੈਰੀਟੇਜ ਵਲੋਂ ਇਕ ਨੀਲੇ ਰੰਗ ਦੀ ਤਖਤੀ ਲਗਾਈ ਹੋਈ ਹੈ ਜਿਸ ਉੁਪਰ ਲਿਖਿਆ ਹੋਇਆ ਹੈ ਕਿ ਉਸਮਾਜਿਕ ਨਿਆਂ ਦਾ ਭਾਰਤੀ ਯੋਧਾ ਡਾ: ਭੀਮ ਰਾਮ ਜੀ ਅੰਬੇਡਕਰ (1891-22) 1921-22 ਵਿਚ ਇਥੇ ਰਿਹਾ"। ਇਹ ਤਖਤੀ ਫੈਡਰੇਸ਼ਨ ਆਫ ਅੰਬੇਡਕਰਾਈਟਸ ਐਂਡ ਬੁਧਿਸਿਟ ਆਰਗੇਨਾਈਜ਼ੇਸ਼ਨ ਯੂ ਕੇ (ਫੈਬੋ ਯੂਕੇ) ਨੇ ਡਾ: ਅੰਬੇਡਕਰ ਦੀ ਜਨਮ ਸ਼ਤਾਬਦੀ ਵੇਲੇ ਸਾਲ 1991 ਵਿਚ ਲਗਵਾਈ ਸੀ।

ਜਿਉਂ ਹੀ 29 ਅਗਸਤ ਵਾਲੇ ਦਿਨ ਇਸ ਦੇ ਮੈਂਬਰ ਹਰਬੰਸ ਵਿਰਦੀ ਨੇ ਸੂਚਿਤ ਕੀਤਾ ਕਿ ਇਹ ਘਰ ਵਿਕ ਰਿਹਾ ਹੈ ਤਾਂ ਇਸ ਸੰਸਥਾਂ ਨੇ ਇਸ ਨੂੰ ਖਰੀਦਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ।ਫੈਬੋ ਯੂਕੇ ਦੀ ਪ੍ਰਧਾਨ ਮਿਸ ਸੰਤੋਸ਼ ਦਾਸ ਐਮ ਬੀ ਈ ਨੇ ਪਹਿਲੀ ਸਤੰਬਰ 2014 ਨੂੰ ਮਹਾਰਾਸ਼ਟਰ ਦੇ ਭੂਤਪੂਰਵ ਮੁੱਖ ਮੰਤਰੀ ਸ੍ਰੀ ਪ੍ਰਿਥਵੀ ਰਾਜ ਚੌਹਾਨ ਨੂੰ ਇਹ ਤਜਵੀਜ ਭੇਜੀ ਕਿ 3.1 ਮਿਲੀਅਨ ਪੌਂਡ ਗ੍ਰਾਂਟ ਮਨਜ਼ੂਰ ਕਰ ਕੇ ਇਹ ਘਰ ਖਰੀਦਿਆ ਜਾਵੇ ਤਾਂ ਕਿ ਇੱਥੇ ਡਾ: ਅੰਬੇਡਕਰ ਦੇ ਨਾਂ ਉਪਰ ਇਕ ਢੁਕਵੀਂ ਯਾਦਗਾਰ ਬਣਾਈ ਜਾ ਸਕੇ।

ਇਸ ਦਿਨ ਤੋਂ ਹੀ ਮੁੰਬਈ ਵਿਚ ਪਦਮਸ਼੍ਰੀ ਕਲਪਨਾ ਸਰੋਜ, ਸ੍ਰੀ ਆਰ ਕੇ ਗਾਇਕਵਾਡ, ਰਮੇਸ਼ ਕਾਟੇਕਰ ਅਤੇ ਹੋਰ ਸਾਥੀਆਂ ਦੀ ਸਖਤ ਮੇਹਨਤ ਨਾਲ ਮਹਾਂਰਾਸ਼ਟਰ ਸਰਕਾਰ ਨੇ ਇਸ ਇਮਾਰਤ ਨੂੰ ਖਰੀਦਣ ਵਾਸਤੇ 40 ਕਰੋੜ ਰੁਪੈਆ ਮਨਜ਼ੂਰ ਕਰ ਦਿੱਤਾ। ਪਰ ਬਦਕਿਸਮਤੀ ਨਾਲ ਮਹਾਰਾਸ਼ਟਰ ਵਿਚ ਸਰਕਾਰ ਬਦਲ ਗਈ। ਜਿਸ ਕਾਰਣ ਮਾਮਲਾ ਲਟਕਣ ਲਗਾ। ਗੌਤਮ ਚਕਰਵਰਤੀ ਅਤੇ ਕਲਪਨਾ ਸਰੋਜ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਜਾ ਕੇ ਸ੍ਰੀ ਅਜੀਤ






ਦੋਵਲ ਨੂੰ ਮਿਲੇ ਅਤੇ ਫੈਬੋ ਯੂਕੇ ਦੀ ਪ੍ਰਧਾਨ ਸੰਤੋਸ਼ ਦਾਸ ਵਲੋਂ ਪ੍ਰਧਾਨ ਮੰਤਰੀ ਦੇ ਨਾਂ ਲਿਖੀ ਚਿੱਠੀ ਰਾਹੀਂ ਮਾਮਲੇ ਨੂੰ ਤਰਜੀਹ ਦੇ ਕੇ ਜਲਦੀ ਨਿਪਟਾਉਂਣ ਦੀ ਬੇਨਤੀ ਕੀਤੀ। ਪਰ ਪ੍ਰਧਾਨ ਮੰਤਰੀ ਦੇ ਦਵਤਰ ਵਿਚੋਂ ਕੋਈ ਵੀ ਜਵਾਬ ਨਹੀਂ ਆਇਆ। ਇਸ ਦੌਰਾਨ ਕਿਸੇ ਨਿੱਜੀ ਕੰਪਨੀ ਨੇ ਇਹ ਇਮਾਰਤ ਖਰੀਦਣ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਜਾਪਣ ਲਗਾ ਕਿ ਇਹ ਇਮਾਰਤ ਹਥੋਂ ਨਿਕਲ ਜਾਵੇਗੀ।

ਪਿਛਲੇ 14 ਦਿਨ ਭਾਰਤ ਵਿਚ ਅੰਬੇਡਕਰੀ ਟੀਮ ਅਤੇ ਯੂ ਕੇ ਵਿਚ ਵਿਸ਼ੇਸ਼ਕਰ ਮਿਸ ਸੰਤੋਸ਼ ਦਾਸ ਦੀਆਂ ਕੋਸ਼ਿਸ਼ਾ ਸਦਕਾ ਮਹਾਰਾਸ਼ਟਰ ਸਰਕਾਰ ਨੇ ਇਮਾਰਤ ਖਰੀਦਣਾ ਸਵੀਕਾਰ ਤਾਂ ਕਰ ਲਿਆ ਪਰ ਲਿਖਤੀ ਰੂਪ ਵਿਚ ਕੋਈ ਸਬੂਤ ਨਾ ਹੋਣ ਕਾਰਣ ਮਾਮਲਾ ਹਾਲੇ ਵੀ ਡਾਵਾਂ ਡੋਲ ਹੀ ਸੀ। ਇਸੇ ਦੌਰਾਨ ਮਹਾਂਰਾਸ਼ਟਰ ਦੇ ਸਿਖਿਆ ਮੰਤਰੀ ਸ੍ਰੀ ਵਿਨੋਦ ਤਾਵਰੇ ਦੁਨਿਆਵੀ ਅਕਾਦਮਿਕ ਸੰਮੇਲਨ ਵਿਚ ਹਿਸਾ ਲੈਣ ਦੇ ਸਿਲਿਸਿਲੇ ਵਿਚ ਲੰਡਨ ਪਹੁੰਚੇ ਹੋਏ ਸਨ। ਜਿਸ ਵੇਲੇ ਉਸ ਨੂੰ ਇਸ ਨਾਜਕ ਸਥਿਤੀ ਬਾਰੇ ਜਾਣਕਾਰੀ ਮਿਲੀ ਤਾਂ ਉਸ ਨੇ ਮੁੱਖ ਮੰਤਰੀ ਦੇਵੇਂਦਰ ਫਰਨਵੀਸ ਨੂੰ ਫੋਨ ਕਰ ਕੇ ਇਸ ਬਾਰੇ ਜਾਣਕਾਰੀ ਦਿੱਤੀ ਅਤੇ ਮੁੱਖ ਮੰਤਰੀ ਨੇ ਤੁੰਰਤ ਹਰੀ ਝੰਡੀ ਦੇ ਦਿੱਤੀ।

ਮੰਤਰੀ ਸ੍ਰੀ ਤਾਵੜੇ ਨੇ ਫੈਬੋ ਦੀ ਪ੍ਰਧਾਨ ਸੰਤੋਸ਼ ਦਾਸ ਨੂੰ ਭਾਰਤੀ ਦੂਤਾਵਾਸ ਵਿਖੇ 23 ਜਨਵਰੀ ਨੂੰ ਹੋਈ ਮੀਟਿੰਗ ਵਿਚ ਇਹ ਇਮਾਰਤ ਖਰੀਦਣ ਦੀ ਖੁਸ਼ ਖਬਰੀ ਦਿੱਤੀ। ਇਸ ਮੀਟਿੰਗ ਤੋਂ ਬਾਦ ਉਹ ਦੋਵੇਂ 10 ਕਿੰਗ ਹੈਨਰੀਜ਼ ਰੋਡ ਸਥਿਤ ਇਮਾਰਤ ਨੂੰ ਦੇਖਣ ਗਏ।

ਫੈਬੋਂ ਦੀ ਪ੍ਰਧਾਨ **ਮੈਡਮ ਸੰਤੋਸ਼ ਦਾਸ** ਨੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ, "ਮਹਾਂਰਾਸ਼ਟਰ ਸਰਕਾਰ ਦੇ ਇਸ ਫੈਸਲੇ ਨੂੰ ਦੁਨੀਆਂ ਭਰ ਵਿਚ ਡਾ: ਅੰਬੇਡਕਰ ਦੇ ਸ਼ਰਧਾਲੂ ਯਾਦ ਰਖਣਗੇ। ਇਹ ਜਗ੍ਹਾ ਆਉਂਦੀਆਂ ਪੀੜ੍ਹੀਆਂ ਵਾਸਤੇ ਇਕ ਤੀਰਥ ਅਸਥਾਨ ਹੋਵੇਗੀ ਜਿਥੇ ਦੁਨੀਆਂ ਭਰ ਤੋਂ ਲੋਕ ਆ ਕੇ ਯਾਤਰਾ ਕਰਨਗੇ ਅਤੇ ਡਾ: ਅੰਬੇਡਕਰ ਤੋਂ ਪ੍ਰੇਰਣਾ ਲੈਣਗੇ"।

**ਫੈਬੋ ਦੇ ਜਨਰਲ ਸਕਤਰ, ਅਰੁਣ ਕੁਮਾਰ** ਨੇ ਕਿਹਾ:

"ਮਹਾਂਰਾਸ਼ਟਰ ਸਰਕਾਰ ਨੇ ਸਮੇਂ ਸਿਰ ਫੈਸਲਾ ਲੈ ਕੇ ਬਾਬਾ ਸਾਹਿਬ ਡਾ: ਅੰਬੇਡਕਰ ਦੀ ਯਾਦਗਾਰ ਨੂੰ ਬਚਾ ਲਿਆ ਹੈ ਨਹੀ ਤਾਂ ਸਾਡੇ ਇਤਿਹਾਸ ਦਾ ਇਕ ਬਹੁਤ ਅਹਿਮ ਹਿੱਸਾ ਹਮੇਸ਼ਾ ਲਈ ਗੁਆਚ ਜਾਣਾ ਸੀ। ਇਸ ਦੀ ਸਾਂਭ ਕਰਨਾ ਭਾਰਤੀ ਸਵਿਧਾਨ ਦੇ ਪਿਤਾਮਾ ਨੂੰ ਗਣਦਿਵਸ ਉਪਰ ਸਭ ਤੋਂ ਢੁਕਵੀਂ ਸ਼ਰਧਾਂਜਲੀ ਹੈ। ਇਹ ਯਾਦਗਾਰ ਅੰਤਰ ਰਾਸ਼ਟਰੀ ਪਧਰ ਦਾ ਇਕ ਅਜੇਹਾ ਕੇਂਦਰ ਹੋਵੇਗਾ ਜਿੱਥੋਂ ਲੋਕ ਡਾ: ਅੰਬੇਡਕਰ ਦੇ ਜੀਵਨ, ਫਲਸਫੇ ਅਤੇ ਉਪਲਭਦੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ"।

ਫੈਬੋ ਦੇ ਜੋਇੰਟ ਜਨਰਲ ਸਕਤਰ, **ਗੌਤਮ ਚਕਰਵਰਤੀ** ਨੇ ਦਸਿਆ,

" ਕਿੰਗ ਹੈਨਰੀਜ਼ ਰੋਡ ਦੀ ਬਾਹਰਲੀ ਕੰਧ ਉਪਰ ਯਾਦਗਾਰੀ ਤੱਖਤੀ ਲਗਵਾਉਣ ਦਾ ਕੰਮ 1974 ਵਿਚ ਸ਼ੁਰੂ ਕੀਤਾ ਗਿਆ ਸੀ।1991 ਵਿਚ ਸਾਨੂੰ ਇਹ ਯਾਦਗਾਰੀ ਤੱਖਤੀ ਲਗਵਾਉਣ ਦੀ ਬਰਿਟਿਸ਼ ਹੈਰੀਟੇਜ ਵਲੋਂ ਆਗਿਆ ਮਿਲੀ ਅਤੇ ਇਸ ਨੂੰ ਲਗਵਾਇਆ ਗਿਆ। ਮਹਾਂਰਾਸ਼ਟਰ ਸਰਕਾਰ ਵਲੋਂ ਇਸ ਇਮਾਰਤ ਨੂੰ ਖਰੀਦਣਾ ਅਤੇ ਯਾਦਗਾਰ ਬਣਾਉਂਣਾ ਇਕ ਸੁਪਨਾ ਪੂਰਾ ਹੋਣ ਵਾਲੀ ਗਲ ਹੈ।ਸਾਨੂੰ ਫੈਬੋਯੂਕੇ ਦੀ ਪ੍ਰਧਾਨ ਮਿਸ ਸੰਤੋਸ਼ ਦਾਸ ਅਤੇ ਭਾਰਤ ਵਿਚ ਸਹਿਯੋਗੀਆਂ ਦਾ ਧਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਇਸ ਕਾਰਜ ਨੂੰ ਨੇਪਰੇ ਚਾੜਨ ਵਾਸਤੇ ਦਿਨ ਰਾਤ ਇਕ ਕਰ ਛਡਿਆ"।

ਫੈਡਰੇਸ਼ਨ ਆਫ ਅੰਬੇਡਕਰਾਈਟਸ ਐਂਡ ਬੁਧਿਸਿਟ ਆਰਗੇਨਾਈਜ਼ੇਸ਼ਨ ਯੂ ਕੇ ਦੀ ਸਥਾਪਨਾ 1985 ਵਿਚ ਹੋਈ ਸੀ। ਇਸ ਦਾ ਉਦੇਸ਼ ਡਾ: ਅੰਬੇਡਕਰ ਦੀ ਲੋਕਤੰਤਰ, ਮੱਨੁਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਪ੍ਰਤੀ ਦੇਣ ਨੂੰ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਅੰਤਰ ਰਾਸ਼ਟਰੀ ਪਧਰ ਤੇ ਪ੍ਰਚਾਰਨਾ ਸੀ।

ਇਸ ਮੰਤਵ ਨੂੰ ਮੁੱਖ ਰਕਦੇ ਹੋਏ ਇਸ ਨੇ ਕੋਲੰਬੀਆ ਯੂਨੀਵਰਸਿਟੀ, ਲੰਡਨ ਸਕੂਲ ਆਫ ਇਕਨਾਮਿਕਸ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ, ਵੈਨਕੂਵਰ ਵਿਖੇ ਬਾਬਾ ਸਾਹਿਬ ਦੇ ਬੁਤ ਲਗਵਾਏ ਹਨ। ਇਹ ਸਥਾਨ ਯਾਤਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਵਾਸਤੇ ਪ੍ਰੇਰਣਾ ਸਰੋਤ ਹਨ। ਉਮੀਦ ਕੀਤੀ ਜਾਂਦੀ ਹੈ ਕਿ ਡਾ: ਅੰਬੇਡਕਰ ਦੀ 10 ਕਿੰਗ ਹੈਨਰੀਜ਼ ਰੋਡ ਵਿਖੇ ਪੁਰਾਣੀ ਰਿਹਾਇਸ਼ ਵੀ ਇਕ ਅਜੇਹੇ ਅੰਤਰ ਰਾਸ਼ਟਰੀ ਕੇਂਦਰ ਵਜੋਂ ਕੰਮ ਕਰੇਗੀ ਜਿਥੇ ਲੋਕ ਡਾ: ਅੰਬੇਡਕਰ ਦੇ ਜੀਵਨ ਅਤੇ ਉਸ ਦੇ ਕਾਰਜਾਂ ਪ੍ਰਤੀ ਜਾਣਕਾਰੀ ਉਪਲਭਦ ਹੋਵੇਗੀ।

# ਜਾਂਦਾ ਜਾਂਦਾ ਭਾਰਤ ਨੂੰ ਧਾਰਮਿਕ ਅਜ਼ਾਦੀ ਦਾ ਸਬਕ ਦੇ ਗਿਆ

**ਜਲੰਧਰ (ਜੌਰਜ)–** ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀ ਬਰਾਕ ਓਬਾਮਾ ਜਾਂਦੇ ਜਾਂਦੇ ਹਿੰਦੂ ਮੂਲਵਾਦੀ ਸੰਗਠਨਾਂ ਦੇ ਦੇਸ਼ ਵਿਚ ਘਟਗਿਣਤੀਆਂ ਨੂੰ ਹਿੰਦੂ ਬਣਾਉਣ ਦੇ ਏਜੰਡੇ ਵਿਰੁਧ ਆਪਣੀ ਨਰਾਜ਼ਗੀ ਇਹ ਆਖ ਕੇ ਪ੍ਰਗਟ ਕਰ ਗਏ ਕਿ ਭਾਰਤ ਦੇ ਲੋਕ ਜੇਕਰ ਧਰਮ ਦੇ ਨਾਂ ਤੇ ਲੜਦੇ ਭਿੜਦੇ ਰਹੇ ਤਾਂ ਦੇਸ਼ ਤਰੱਕੀ ਨਹੀਂ ਕਰ ਸਕੇਗਾ। ਉਨ੍ਹਾਂ ਕਿਹਾ ਕਿ ਭਾਰਤ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਆਪਣੀ ਮਰਜ਼ੀ ਦਾ ਧਰਮ ਧਾਰਨ ਕਰਨ ਦੀ ਆਗਿਆ ਦਿੰਦਾ ਹੈ। ਇਸ ਕਰਕੇ ਕਿਸੇ ਨੂੰ ਵੀ ਦੂਸਰੇ ਦਾ ਧਰਮ ਜ਼ਬਰਦਸਤੀ ਬਦਲਣ ਦਾ ਕੋਈ ਹੱਕ ਨਹੀਂ ਹੈ। ਇਥੇ ਵਰਨਣਯੋਗ ਹੈ ਕਿ ਅਮਰੀਕਾ ਦੀ ਵਿਦੇਸ਼ ਨੀਤੀ ਦਾ ਅਧਾਰ ਧਾਰਮਿਕ ਸਹਿਨਸ਼ੀਲਤਾ ਹੈ। ਅਮਰੀਕਾ ਵਲੋਂ ਦੂਸਰੇ ਦੇਸ਼ਾਂ ਨਾਲ ਹੋਣ ਵਾਲੇ ਸਮਝੌਤਿਆਂ ਦਾ ਅਧਾਰ ਧਾਰਮਿਕ ਸਹਿਨਸ਼ੀਲਤਾ ਹੈ। ਅਮਰੀਕਾ ਹਰ ਸਾਲ ਦੁਨੀਆਂ ਦੇ ਉਨ੍ਹਾਂ ਦੇਸ਼ਾਂ ਬਾਰੇ ਇਕ ਰਿਪੋਰਟ ਤਿਆਰ ਕਰਦਾ ਹੈ ਜਿਥੇ ਧਾਰਮਿਕ ਸਹਿਨਸ਼ੀਲਤਾ ਨਹੀਂ ਹੈ ਜਾਂ ਜਿਥੇ ਧਾਰਮਿਕ ਸ਼ਹਿਨਸ਼ੀਲਤਾ ਦਾ ਗਰਾਫ ਬਹੁਤ ਨੀਵਾਂ ਹੈ। ਹੁਣ ਤੱਕ ਭਾਰਤ ਅਮਰੀਕਾ ਦੀ ਇਸ ਲਿਸਟ ਵਿੱਚ ਸ਼ਾਮਲ ਰਿਹਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਚੁਣੇ ਜਾਣ ਤਕ ਅਮਰੀਕਾ ਦਾ ਵੀਜ਼ਾ ਇਸੇ ਕਰਕੇ ਨਹੀਂ ਸੀ ਦਿੱਤਾ ਗਿਆ ਕਿਉਂਕਿ ਗੁਜਰਾਤ ਦੰਗਿਆਂ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ। ਪਰ ਉਨ੍ਹਾਂ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਬਹੁਤ ਸਾਰੇ ਸੰਗਠਨਾਂ ਨੇ ਅਜੇਹੇ ਬਿਆਨ ਦੇਣੇ ਸ਼ੁਰੂ ਕਰ ਦਿਤੇ ਕਿ ਘਟਗਿਣਤੀਆਂ ਨਾਲ ਸਬੰਧਤ ਦੇਸ਼ ਦੇ ਲੋਕ ਪਹਿਲਾਂ ਹਿੰਦੂ ਹੀ ਸਨ, ਇਸ ਕਰਕੇ ਉਨ੍ਹਾਂ ਨੂੰ ਦੀ ਘਰ ਵਾਪਸੀ ਕਰਾਈ ਜਾਵੇਗੀ ਅਰਥਾਤ ਉਨ੍ਹਾਂ ਨੂੰ ਹਿੰਦੂ ਬਣਾਇਆ ਜਾਵੇਗਾ। ਇਥੇ ਇਹ ਵੀ ਵਰਨਣਯੋਗ ਹੈ ਘਰ ਵਾਪਸੀ ਦਾ ਸਾਰੇ ਦੇਸ਼ ਵਿਚ ਬਹੁਤ ਜ਼ਬਰਦਸਤ ਵਿਰੋਧ ਹੋਇਆ ਹੈ। ਭਾਰਤੀਆ ਜਨਤਾ ਪਾਰਟੀ ਨੇ ਪਾਰਲੀਮੈਂਟ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਪਾਰਲੀਮੈਂਟ ਵਿਚ ਇਕ ਅਜੇਹਾ ਬਿਲ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਜਿਹੋ ਜਿਹੇ ਉਸਨੇ ਲੋਕਾਂ ਦੇ ਧਾਰਮਿਕ ਹੱਕਾਂ ਦੀ ਕਟੌਤੀ ਕਰਨ ਲਈ ਉਨ੍ਹਾਂ ਰਾਜਾਂ ਵਿਚ ਪਾਸ ਕੀਤੇ ਜਿਥੇ ਜਿਥੇ ਭਾਜਪਾ ਦੀਆਂ ਸਰਕਾਰਾਂ ਬਣੀਆਂ। ਪਰ ਸਮੁਚੀ ਅਪੋਜ਼ੀਸ਼ਨ ਇਸ ਮਮਲੇ ਤੇ ਪਾਰਲੀਮੈਂਟ ਵਿਚ ਇਕਮੁੱਠ ਹੋ ਗਈ ਅਤੇ ਉਸਨੇ ਅਜੇਹਾ ਕਨੂੰਨ ਬਣਾਉਣ ਦਾ ਜ਼ਬਰਦਸਤ ਵਿਰੋਧ ਕੀਤਾ। ਪਾਰਲੀਮੈਂਟ ਦੇ ਆਖਰੀ 5 ਦਿਨ ਇੰਨੇ ਹੰਗਾਮਿਆਂ ਭਰੇ ਰਹੇ ਕਿ ਸਰਕਾਰ ਕੋਈ ਕਾਨੂੰਨ ਨਹੀਂ ਪਾਸ ਕਰ ਸਕੀ ਅਤੇ ਉਸਨੂੰ ਨੌ ਆਰਡੀਨੈਂਸ ਜਾਰੀ ਕਰਨੇ ਪਏ। ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਨੇ ਮੂਲਵਾਦੀ ਹਿੰਦੂ ਸੰਗਠਨਾਂ ਵਲੋਂ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਕਰਨ ਲਈ ਹੋਣ ਵਾਲੇ ਸਮਾਗਮਾਂ ਤੇ ਰੋਕ ਲਾ ਦਿਤੀ। ਬਿਹਾਰ ਸਰਕਾਰ ਨੇ ਵੀ ਅਜਿਹੇ ਸਮਾਗਮ ਨਹੀਂ ਹੋਣ ਦਿਤੇ। ਪੰਜਾਬ ਸਰਕਾਰ ਨੇ ਵੀ ਮੂਲਵਾਦੀ ਸੰਗਠਨਾਂ ਦੇ ਅਜੇਹੇ ਯਤਨਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਜੰਮੂ ਕਸ਼ਮੀਰ ਦੇ ਲੋਕਾਂ ਨੇ ਵੀ। ਜਦ ਤੋਂ ਮੋਦੀ ਸਰਕਾਰ ਬਣੀ ਹੈ ਤਦ ਤੋਂ ਘਟਗਿਣਤੀਆਂ ਵਿਚ ਬਹੁਤ ਬੇਚੈਨੀ ਪਾਈ ਜਾ ਰਹੀ ਹੈ। ਵਿਦੇਸ਼ਾਂ ਵਿਚ ਬੈਠੇ ਘਟਗਿਣਤੀਆਂ ਨਾਲ ਸਬੰਧਤ ਭਾਰਤੀ ਲੋਕਾਂ ਵਿਚ ਵੀ ਬਹੁਤ ਬੈਚੇਨੀ ਪਾਈ ਜਾ ਰਹੀ ਹੈ। ਗੁਆਂਢੀ ਦੇਸ਼ ਪਾਕਿਸਤਾਨ ਵਿਚ ਵੀ ਇਸਦਾ ਬਹੁਤ ਮਾੜਾ ਪ੍ਰਤੀਕਰਮ ਹੋਇਆ ਹੈ। ਉਥੇ ਕੁਝ ਕਟੱੜ ਪੰਥੀ ਸੰਗਠਨਾਂ ਨੇ ਹਿੰਦੂਆਂ ਨੂੰ ਧਮਕੀ ਦਿਤੀ ਹੈ ਕਿ ਜਾਂ ਉਹ ਭਾਰਤ ਜਾ ਕੇ ਬੰਬ ਧਮਾਕੇ ਕਰਨ, ਜਾਂ ਇਸਲਾਮ ਅਪਨਾ ਲੈਣ। ਅਮਰੀਕਾ ਵਿਚ ਇੱਕ ਸਿੱਖ ਸੰਗਠਨ- ਸਿੱਖ ਫਾਰ ਜਸਟਿਸ- ਨੇ ਉਥੋਂ ਦੀ ਇਕ ਅਦਾਲਤ ਤੋਂ ਮੰਗ ਕੀਤੀ ਹੈ ਕਿ ਆਰ.ਆਰ.ਐਸ.ਐਸ ਨੂੰ ਇਕ ਵਿਦੇਸ਼ੀ ਅਤਿਵਾਦੀ ਸੰਗਠਨ ਕਰਾਰ ਦਿਤਾ ਜਾਵੇ। ਇੰਨ੍ਹਾਂ ਸਾਰੀਆਂ ਗੱਲਾਂ ਦਾ ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀ ਬਰਾਕ ਓਬਾਮਾ ਤੇ ਅਸਰ ਹੋਣਾ ਕੁਦਰਤੀ ਸੀ ਭਾਵੇਂ ਉਹ ਵਪਾਰ ਤੇ ਪ੍ਰਮਾਣੂ ਤਕਨੀਕ ਨਾਲ ਸਬੰਧਤ ਕਈ ਬਹੁਤ ਅਹਿਮ ਸੰਧੀਆਂ ਕਰ ਕੇ ਗਏ ਹਨ ਪਰ ਉਨ੍ਹਾਂ ਆਪਣੇ ਦੇਸ਼ ਦੀ ਵਿਦੇਸ਼ ਨੀਤੀ ਦੇ ਅਧਾਰ ਨੂੰ ਮੁਖ ਰਖਦਿਆਂ ਜਾਦਿਆਂ ਜਾਂਦਿਆਂ ਇਹ ਉਪਦੇਸ਼ ਦੇ ਦਿਤਾ ਹੈ ਕਿ ਭਾਰਤ ਤਦ ਹੀ ਤਰੱਕੀ ਕਰ ਸਕਦਾ ਹੈ ਜੇਕਰ ਉਹ 4ਾਰਮਿਕ ਸਹਿਨਸ਼ੀਲਤਾ ਨੂੰ ਕਾਇਮ ਰਖੇ।

# ਅਨੁਸੂਚਿਤ ਜਾਤੀ ਦੇ ਪੁਰਸ਼ ਦੇ ਲਈ ਦੋ ਵਿਆਹ ਕਰਨਾ ਅਪਰਾਧ ਨਹੀਂ

ਨਵੀਂ ਦਿੱਲੀ- ਭਾਰਤੀ ਅਪਰਾਧ ਕੋਡ ਦੀ ਧਾਰਾ 494 ਦੇ ਤਹਿਤ ਪੁਰਸ਼ ਦੁਆਰਾ ਦੋ ਵਿਆਹ ਅਜਿਹਾ ਅਪਰਾਧ ਹੈ, ਜਿਸ ਵਿਚ ਸੱਤ ਸਾਲ ਦੀ ਸਖਤ ਕੈਦ ਅਤੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ ਪਰ ਇਹ ਕਾਨੂੰਨ ਅਨੁਸੂਚਿਤ ਜਾਤੀ ਦੇ ਵਿਅਕਤੀ ਤੇ ਲਾਗੂ ਨਹੀਂ ਹੁੰਦਾ। ਦਿੱਲੀ ਹਾਈ ਕੋਰਟ ਦੇ ਹਾਲ ਦੇ ਇਕ ਫੈਸਲੇ ਤੋਂ ਇਹ ਗੱਲ ਸਾਹਮਣੇ ਆਈ ਹੈ।

ਜਸਟਿਸ ਐਮ. ਐਸ. ਏ. ਸਿਦੀਕੀ ਨੇ ਦੋ ਵਿਆਹ ਦੇ ਮਾਮਲੇ ਵਿਚ ਇਕ ਰਿਵੀਜ਼ਨ ਪਟੀਸ਼ਨ ਦੀ ਸੁਣਵਾਈ ਦੇ ਦੌਰਾਨ ਇਕ ਸਹਾਇਕ ਸੈਸ਼ਨ ਜੱਜ ਦੇ ਆਦੇਸ਼ ਨੂੰ ਖਾਰਜ ਕਰਦੇ ਹੋਏ ਇਸ ਕਿਸਮ ਦਾ ਆਦੇਸ਼ ਦਿੱਤਾ ਹੈ। ਸਾਬਕਾ ਕੇਂਦਰੀ ਮੰਤਰੀ ਦੀ ਲੜਕੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਹੈਦਰਾਬਾਦ ਸਥਿਤ ਪ੍ਰਮੁੱਖ ਅਧਿਕਾਰੀ ਦੂਰਗਾ ਚਰਣ ਹਾਂਸਦਾ ਦੀ ਪਹਿਲੀ ਪਤਨੀ ਸੂਰਜਮਣੀ ਸਟੇਲਾ ਕੂਜੂਰ ਨੇ ਹਾਈ ਕੋਰਟ ਵਿਚ ਆਪਦੇ ਪਤੀ ਅਤੇ ਉਸਦੀ ਦੂਜੀ ਪਤਨੀ ਹੰਸਫਾ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਸੀ। ਅਦਾਲਤ ਵਿਚ ਸ਼ਿਕਾਇਤ ਦਰਜ ਕੀਤੇ ਜਾਣ ਤੇ ਮੈਟਰੋਪੋਲੀਟਨ ਮੈਜਿਸਟ੍ਰੇਟ ਨੇ ਦੋਸ਼ੀ ਪਤੀ ਨੂੰ ਇਸ ਆਧਾਰ ਤੇ ਬਰੀ ਕਰ ਦਿੱਤਾ ਕਿ ਅਰਜ਼ੀਕਾਰ ਪਹਿਲੀ ਪਤਨੀ ਦਾ ਆਪਣਾ ਦੋਸ਼ ਸਿੱਧ ਨਹੀਂ ਕਰ ਸਕੀ ਹੈ।

ਇਸ ਤੋਂ ਬਾਅਦ ਪਹਿਲੀ ਪਤਨੀ ਨੇ ਇਸ ਆਦੇਸ਼ ਨੂੰ ਸਹਾਇਕ ਸੈਸ਼ਨ ਜੱਜ ਦੇ ਸਾਹਮਣੇ ਚੁਣੌਤੀ ਦਿੱਤੀ, ਜਿਹਨਾ ਨੇ 26 ਫਰਵਰੀ 1997 ਨੂੰ ਸੁਣਵਾਈ ਕੀਤੀ। ਅਦਾਲਤ ਨੇ ਹੇਠਲੀ ਅਦਾਲਤ ਨੂੰ ਆਦੇਸ਼ ਦਿੱਤਾ ਕਿ ਉਹ ਧਾਰਾ 494 ਦੇ ਤਹਿਤ ਦੋਸ਼ੀ ਪਤੀ ਦੇ ਖਿਲਾਫ ਦੋਸ਼ ਤਿਆਰ ਕਰੇ।

ਦੋਸ਼ੀ ਪਤੀ ਨੇ ਇਸਦੇ ਜਵਾਬ ਵਿਚ ਹਾਈ ਕੋਰਟ ਵਿਚ ਰਿਵੀਜ਼ਨ ਦਾਇਰ ਕੀਤੀ, ਜਿਸ ਤੇ ਅਦਾਲਤ ਨੇ ਇਤਿਹਾਸਕ ਫੈਸਲਾ ਸੁਣਾਇਆ ਹੈ।

ਦੋਸ਼ੀ ਪਤੀ ਦੇ ਵਕੀਲ ਨੇ ਇਹ ਦਲੀਲ ਦਿੱਤੀ ਸੀ ਕਿ ਦੋਸ਼ੀ ਅਨੁਸੂਚਿਤ ਜਾਤੀ ਦਾ ਮੈਂਬਰ ਹੈ, ਇਸ ਕਰਕੇ ਹਿੰਦੂ ਵਿਆਹ ਐਕਟ 1955 ਉਸ ਤੇ ਲਾਗੂ ਨਹੀਂ ਹੁੰਦਾ।


ਹਾਈ ਕੋਰਟ ਨੇ ਵੀ ਮੰਨਿਆ ਕਿ ਇਸ ਮਾਮਲੇ ਵਿਚ ਅਰਜ਼ੀਕਾਰ ਪਤੀ ਅਤੇ ਉਸਦੀ ਦੂਜੀ ਪਤਨੀ ਅਨੁਸੂਚਿਤ ਜਾਤੀ ਦੇ ਮੈਂਬਰ ਹਨ ਅਤੇ ਇਸ ਕਰਕੇ ਇਹ ਐਕਟ ਉਦੋਂ ਤੱਕ ਉਹਨਾਂ ਤੇ ਲਾਗੂ ਨਹੀਂ ਹੁੰਦਾ ਜਦੋਂ ਤੱਕ ਕਿ ਕੇਂਦਰ ਸਰਕਾਰ ਇਸ ਸਬੰਧੀ ਅਧਿਸੂਚਨਾ ਆਫੀਸ਼ੀਅਲ ਗਜਟ ਵਿਚ ਸ਼ਾਮਲ ਕਰਦੇ ਹੋਏ ਅਨੁਸੂਚਿਤ ਜਾਤੀ ਨੂੰ ਇਸ ਐਕਟ ਵਿਚ ਸ਼ਾਮਲ ਨਾ ਕਰ ਲਵੇ।

# ਬੋਧ ਭਿਖਸ਼ੂ ਪ੍ਰਗਿਆਨੰਦ ਕੇ ਜੀ ਐਮ ਯੂ ਵਿਚ ਭਰਤੀ

ਲਖਨਊ- ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਨੂੰ ਬੁੱਧ ਧਰਮ ਦੀ ਦੀਕਸ਼ਾ ਦੇਣ ਵਾਲੇ ਭੰਤੇ ਪ੍ਰਗਿਆਨੰਦ ਨੂੰ ਦਿਲ ਦਾ ਦੌਰਾ ਪੈ ਗਿਆ ਹੈ। ਉਹਨਾਂ ਨੂੰ ਗੰਭੀਰ ਹਾਲਤ ਵਿਚ ਕੇ. ਜੀ. ਐਮ. ਯੂ. ਵਿਚ ਭਰਤੀ ਕਰਵਾਇਆ ਗਿਆ ਹੈ। ਉਹਨਾਂ ਦੀ ਹਾਲਤ ਸਥਿਰ ਬਣੀ ਹੋਈ ਹੈ। ਡਾਕਟਰਾਂ ਦੀ ਟੀਮ ਉਹਨਾਂ ਤੇ ਨਜ਼ਰ ਰੱਖ ਰਹੀ ਹੈ। ਭੰਤੇ ਪ੍ਰਗਿਆਨੰਦ ਹੁਸੈਨਗੰਜ ਦੇ ਰਿਸ-ਾਲਦਾਰ ਪਾਰਕ ਸਥਿਤ ਬੋਧ ਵਿਹਾਰ ਵਿਚ ਰਹਿੰਦੇ ਹਨ। ਉਹ ਬੀਤੇ 65 ਸਾਲਾਂ ਤੋਂ ਬੁੱਧ ਧਰਮ ਦੇ ਪ੍ਰਚਾਰ ਨਾਲ ਜੁੜੇ ਹਨ। ਡਾ. ਅੰਬੇਦਕਰ ਨੂੰ ਬੁੱਧ ਧਰਮ ਦੀ ਦੀਕਸ਼ਾ ਦੇਣ ਦੇ ਕਾਰਨ ਉਹਨਾਂ ਦੀ ਪ੍ਰਸਿੱਧੀ ਪੂਰੇ ਦੇਸ਼ ਵਿਚ ਫੈਲ ਗਈ। ਤਿੰਨ ਦਿਨ ਪਹਿਲਾਂ ਛਾਤੀ ਵਿਚ ਦਰਦ ਹੋਣ ਕਾਰਨ ਉਹਨਾਂ ਨੂੰ ਜੀ. ਐਮ. ਯੂ. ਵਿਚ ਭਰਤੀ ਕਰਵਾਇਆ ਗਿਆ ਸੀ। ਮੈਡੀਕਲ ਵਿਭਾਗ ਦੇ ਪ੍ਰਾਈਵੇਟ ਵਾਰਡ ਵਿਚ ਉਹਨਾਂ ਦਾ ਇਲਾਜ ਚੱਲ ਰਿਹਾ ਹੈ। ਭੰਤੇ ਦੇ ਇਲਾਜ ਵਿਚ ਜੁਟੀ ਡਾਕਟਰਾਂ ਦੀ ਟੀਮ ਵਿਚ ਡਾ. ਅਭਿਸ਼ੇਕ ਅਤੇ ਡਾ. ਐਮ. ਕੇ. ਸੋਨਕਰ ਸ਼ਾਮਲ ਹਨ।

MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com






ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।
kumar22_1@hotmail.com
780-224-4550

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com



Rakesh Chander
Realtor

## 'ਨਾਮਧਾਰੀ ਲਹਿਰ' ਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ 'ਤੇ

# 'ਮਾਰਨ ਗਊ-ਗਰੀਬ ਨੂੰ, ਧਰਤੀ 'ਤੇ ਪਾਪ ਬਥੇਰਾ'



ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਪਿੰਡ ਭੈਣੀ ਅਰਾਈਆਂ (ਅੱਜਕਲ੍ਹ ਇਸ ਨੂੰ ਸ੍ਰੀ ਭੈਣੀ ਸਾਹਿਬ ਕਹਿੰਦੇ ਹਨ) ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਖੇ ਮਿਤੀ 3 ਫਰਵਰੀ 1816 ਈਸਵੀ ਨੂੰ ਪਿਤਾ ਸਰਦਾਰ ਜੱਸਾ ਸਿੰਘ 'ਮਠਾਰੂ' ਰਾਮਗੜ੍ਹੀਆ ਵਰਗ ਜੋ ਕਿ ਤਰਖਾਣਾ ਕਿੱਤਾ ਕਰਦੇ ਸਨ ਤੇ ਮਾਤਾ ਸ੍ਰੀਮਤੀ ਸਦਾ ਕੌਰ ਦੇ ਘਰ ਹੋਇਆ। ਉਹਨਾਂ ਦਾ ਵਿਆਹ 7 ਸਾਲ ਦੀ ਉਮਰ ਵਿਚ ਬਾਲ ਅਵਸਥਾ ਵਿਚ ਹੀ ਕਰ ਦਿੱਤਾ ਗਿਆ। ਇਸ ਤਰ੍ਹਾਂ ਬਾਲ ਅਵਸਥਾ ਦਾ ਵਿਆਹ ਉਨ੍ਹਾਂ ਦਿਨਾਂ ਵਿਚ ਇਹ ਇਕ ਆਮ ਗੱਲ ਸੀ। ਉਹਨਾਂ ਦੀ ਪਤਨੀ ਦਾ ਨਾਮ ਮਾਤਾ ਜੱਸਾਂ ਸੀ। ਉਹਨਾਂ ਦੇ ਘਰ ਉਹਨਾਂ ਦੀਆਂ ਦੋ ਪੁੱਤਰੀਆਂ ਨੇ ਜਨਮ ਲਿਆ, ਜਿਹਨਾਂ ਦੇ ਕ੍ਰਮਵਾਰ ਨਾਮ ਨੰਦ ਕੌਰ ਤੇ ਦਇਆ ਕੌਰ ਸੀ। ਉਹਨਾਂ ਨੇ ਆਪਣੀ ਮੁਢਲੀ ਵਿੱਦਿਆ ਗੁਰਮੁਖੀ ਤੇ ਗੁਰਬਾਣੀ ਵਿਚ ਆਪਣੇ ਪਿੰਡ ਤੋਂ ਹੀ ਪ੍ਰਾਪਤ ਕੀਤੀ। ਕੋਈ 20 ਸਾਲ ਦੀ ਉਮਰ ਵਿਚ ਉਹ ਸਿੱਖ ਫੌਜ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਜੀ ਦੇ ਰਸਾਲੇ ਵਿਚ ਭਰਤੀ ਹੋ ਗਏ। ਉਨ੍ਹਾਂ ਨੇ ਮੁਦਕੀ ਦਾ ਅੰਗਰੇਜ਼ਾਂ ਨਾਲ ਯੁੱਧ ਵੀ ਲੜਿਆ। ਅੰਗਰੇਜ਼ਾਂ ਹੱਥੋਂ ਹੋਈ ਹਾਰ ਤੋਂ ਬਾਅਦ ਉਹਨਾਂ ਨੇ ਨੌਕਰੀ ਛੱਡ ਦਿੱਤੀ ਅਤੇ ਆਪਣੀ ਤਲਵਾਰ ਹਰੀਕੇ ਵਿਖੇ ਸਤਲੁਜ ਦਰਿਆ ਵਿਚ ਵਗਾਹ ਮਾਰੀ। ਸਿੱਖ ਸਰਦਾਰਾਂ ਦੇ ਪੁੱਛਣ ਤੇ ਕਿਹਾ ਕਿ 'ਮੈਂ ਅੱਜ ਦਰਿਆ ਵਿਚ ਆਪਣੀ ਤਲਵਾਰ ਸੁੱਟੀ ਹੈ ਤੇ ਲੜਾਈ ਨਾ ਕਰਨ ਦਾ ਪ੍ਰਣ ਲਿਆ ਹੈ ਤੇ ਤੁਸੀਂ ਕੱਲ੍ਹ ਸੁੱਟ ਦਿਓਗੇ ਕਿਉਂਕਿ ਤੁਹਾਡੀ ਹਾਰ ਨਿਸ਼ਚਿਤ ਹੈ ਕਿਉਂਕਿ ਤੁਹਾਡੇ ਆਪਣੇ ਸਰਦਾਰ 'ਗੱਦਾਰ' ਹਨ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਅਦ ਅਨੇਕਾਂ ਹੀ ਲੜਾਈਆਂ ਤੇ ਲਹਿਰਾਂ ਨੇ ਜਨਮ ਲਿਆ ਕਿ ਖਾਲਸੇ ਦੀ ਸ਼ਾਨ ਮੁੜ ਬਹਾਲ ਕੀਤੀ ਜਾਵੇ, ਲਹਿਰਾਂ ਹਨ ਜਿਵੇਂ: ਕਈ ਐਂਗਲੋ ਸਿੱਖ ਵਾਰਾਂ ਤੇ ਕੂਕਾ ਲਹਿਰ ਆਦਿ।

ਨੌਕਰੀ ਦੇ ਦੌਰਾਨ ਹੀ ਉਹ ਸੰਤ ਬਲਾਕ ਸਿੰਘ ਜੀ ਦੇ ਸੰਪਰਕ ਵਿਚ ਆਏ। ਸੰਤ ਬਲਾਕ ਸਿੰਘ ਜੀ ਇਕ 'ਸਹਿਜਧਾਰੀ ਉਦਾਸੀ ਸਿੱਖ' ਸਨ। ਉਹਨਾਂ ਦੀਆਂ ਸਿੱਖਿਆਵਾਂ ਦਾ ਬਾਬਾ ਰਾਮ ਸਿੰਘ ਜੀ ਤੇ ਬਹੁਤ ਅਸਰ ਹੋਇਆ। ਡਾ: ਗੋਪਾਲ ਸਿੰਘ ਜੀ 'ਹਿਸਟਰੀ ਆਫ ਸਿੱਖਸ' ਵਿਚ ਲਿਖਦੇ ਹਨ ਕਿ ਬਾਬਾ ਬਲਾਕ ਸਿੰਘ ਜੀ ਸ੍ਰੀ ਜਵਾਹਰ ਮੱਲ ਰਾਵਲਪਿੰਡੀ ਵਾਲਿਆਂ ਦੇ ਚੇਲੇ ਭਾਵ ਸ਼ਾਗਿਰਦ ਸਨ। ਮਸ਼ਹੂਰ 'ਸਿੱਖ ਲਹਿਰ' ਬਾਬਾ ਬਲਾਕ ਸਿੰਘ ਜੀ ਵੱਲੋਂ ਹੀ ਸ਼ੁਰੂ ਕੀਤੀ ਗਈ ਸੀ।

ਬਾਬਾ ਰਾਮ ਸਿੰਘ ਜੀ ਇਕ ਧਾਰਮਿਕ, ਸਮਾਜ ਸੁਧਾਰਕ, ਇਕ ਅਧਿਆਤਮਕ ਅਧਿਆਪਕ ਤੇ ਇਕ ਵੱਡੇ ਰਾਸ਼ਟਰੀ ਨੇਤਾ ਸਨ। ਉਹ ਪਹਿਲੇ ਇਕ ਅਜਿਹੇ ਨੇਤਾ ਸਨ, ਜਿਹਨਾਂ ਨੇ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਖਿਲਾਫ ਨਾ-ਮਿਲਵਰਤਣ ਤੇ ਸਿਵਲ ਨਾ-ਫੁਰਮਾਨੀ ਦਾ ਅੰਦੋਲਨ ਚਲਾਇਆ। ਉਨ੍ਹਾਂ ਅੰਗਰੇਜ਼ੀ ਰਾਜ ਦਾ ਹਰ ਤਰ੍ਹਾਂ ਨਾਲ ਬਾਈਕਾਟ ਕੀਤਾ ਤੇ ਇਸ ਤਰ੍ਹਾਂ ਕਰਕੇ ਵਿਉਪਾਰ ਦੇ ਖੇਤਰ ਵਿਚ ਸਰਕਾਰ ਨੂੰ ਬਹੁਤ ਤਕੜਾ ਝਟਕਾ ਦਿੱਤਾ।

ਉਹ ਨਾਮਧਾਰੀ (ਕੂਕਾ) ਲਹਿਰ ਦੇ ਸੰਸਥਾਪਕ ਵੀ ਸਨ ਤੇ ਉਹਨਾਂ ਨੇ 12 ਅਪ੍ਰੈਲ, 1857 ਨੂੰ ਵਿਸਾਖੀ ਵਾਲੇ ਦਿਨ ਇਕ ਸਫੈਦ ਝੰਡਾ ਲਹਿਰਾ ਕੇ ਜੋ ਕਿ ਸ਼ਾਂਤੀ ਤੇ ਆਜ਼ਾਦੀ ਦਾ ਪ੍ਰਤੀਕ ਹੈ, ਅੰਗਰੇਜ਼ ਸਰਕਾਰ ਦੇ ਵਿਰੋਧ ਵਜੋਂ ਸਥਾਪਨਾ ਕੀਤੀ। ਇਹ ਨਾਮਧਾਰੀ ਜਾਂ ਕੂਕਾ ਵਰਗ ਸਿੱਖ ਧਰਮ ਦਾ ਹੀ ਇਕ ਉਪ ਵਰਗ ਹੈ। ਇਸ ਨਾਮਧਾਰੀ ਲਹਿਰ ਦੀ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵਿਚ ਬੜੀ ਮਹਾਨਤਾ ਹੈ। ਉਹਨਾਂ ਨੇ ਭਾਰਤ ਵਿਚ ਔਰਤਾਂ ਤੇ ਪੁਰਸ਼ਾਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਵਿਚ ਨੇਕੀ, ਬਹਾਦਰੀ ਤੇ ਦੇਸ਼ ਪਿਆਰ ਦਾ ਜਜ਼ਬਾ ਭਰਿਆ। ਨਾਮਧਾਰੀ ਦਾ ਅਰਥ ਹੈ ਕਿ ਜਿਸ ਇਨਸਾਨ ਨੇ ਉਸ ਸੱਚੇ ਅਕਾਲ ਪੁਰਖ ਦਾ ਨਾਮ ਆਪਣੇ ਮਨ ਵਿਚ ਧਾਰ ਲਿਆ ਹੈ। ਨਾਮਧਾਰੀਆਂ ਦੀ ਸਫੈਦ ਪੁਸ਼ਾਕ ਉਹਨਾਂ ਵਿਚ 'ਸਤੋਗੁਣ' ਭਾਵ ਉਹਨਾਂ ਦੀ ਸ਼ੁੱਧ ਸਦਾਚਾਰਿਕਤਾ ਦਾ ਪ੍ਰਤੀਕ ਹੈ ਤੇ ਪੋਚਵੀਂ ਗੋਲ ਪੱਗੜੀ ਇਕ ਵਿਲੱਖਣ ਦਿੱਖ ਜਾਂ ਇਕ ਵਿਸ਼ੇਸ਼ ਪਹਿਚਾਣ ਦੀ ਨਿਸ਼ਾਨੀ ਹੈ।

ਉਹਨਾਂ ਨੇ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀਆਂ ਨੌਕਰੀ ਛੱਡ ਦੇਣ ਲਈ, ਸੰਚਾਰ ਸਾਧਨਾਂ ਦੀ ਵਰਤੋਂ ਨਾ ਕਰਨ ਦੀ, ਰੇਲਵੇ ਵਿਚ ਸਫ਼ਰ ਨਾ ਕਰਨ ਦੀ, ਪਿੰਡਾਂ ਵਿਚ ਪੰਜ ਮੈਂਬਰਾਂ ਦੀ ਪੰਚਾਇਤ ਬਣਾ ਕੇ ਆਪਣੇ ਝਗੜਿਆਂ ਨੂੰ ਉਥੇ ਹੀ ਨਿਪਟਾਉਣ ਦੀ, ਅਦਾਲਤਾਂ ਦਾ ਬਾਈਕਾਟ ਕਰਨ ਦੀ ਤੇ ਅੰਗਰੇਜ਼ੀ ਸਕੂਲ-ਕਾਲਜਾਂ ਤੋਂ ਵਿੱਦਿਆ ਨਾ ਪ੍ਰਾਪਤ ਕਰਨ ਦੀ ਗੱਲ ਆਖੀ ਤੇ ਇਸ ਤਰ੍ਹਾਂ ਅੰਗਰੇਜ਼ੀ ਰਾਜ ਦਾ ਮੁਕੰਮਲ ਬਾਈਕਾਟ ਕਰਕੇ ਨੱਕ ਵਿਚ ਦਮ ਲਿਆ ਦਿੱਤਾ। ਇਹ ਅੰਗਰੇਜ਼ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਇਕ ਬਹੁਤ ਵੱਡੀ ਲਲਕਾਰ ਸੀ। ਉਹ ਭਾਰਤ ਵਿਚ ਸਿਵਲ ਨਾ-ਫੁਰਮਾਨੀ ਤੇ ਨਾ-ਮਿਲਵਰਤਨ ਦੀ ਲਹਿਰ ਚਲਾਉਣ ਵਾਲੇ ਪਹਿਲੇ ਨੇਤਾ ਸਨ। ਉਹਨਾਂ ਦੀ ਭਾਰਤ ਲਈ ਆਜ਼ਾਦੀ ਦੀ ਲੜਾਈ, ਦੁਨੀਆਂ ਦੇ ਇਤਿਹਾਸ ਵਿਚ ਅੰਗਰੇਜ਼ੀ ਰਾਜ ਦੇ ਖ਼ਾਤਮੇ ਲਈ ਇਕ ਬਹੁਤ ਵੱਡੀ ਖ਼ਤਰੇ ਦੀ ਘੰਟੀ ਸੀ। ਇਹਨਾਂ ਦੇ ਇਸੇ ਨਾ-ਮਿਲਵਰਤਨ ਤੇ ਸਿਵਲ ਨਾ-ਫੁਰਮਾਨੀ ਦੇ ਸੰਕਲਪ ਨੂੰ ਬਾਅਦ ਵਿਚ ਮਹਾਤਮਾ ਗਾਂਧੀ ਜੀ ਨੇ ਅਪਣਾ ਕੇ, ਇਕ ਹਥਿਆਰ ਵਜੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ, ਅੰਗਰੇਜ਼ੀ ਰਾਜ ਦੇ ਖਿਲਾਫ ਵਰਤਿਆ। ਇਹ ਹਥਿਆਰ ਮਹਾਤਮਾ ਗਾਂਧੀ ਜੀ ਦੇ ਹੱਥਾਂ ਵਿਚ ਆ ਕੇ ਭਾਰਤ ਦੀ ਆਜ਼ਾਦੀ ਲਈ ਬੜਾ ਕਾਰਗਰ ਕਦਮ ਸਾਬਤ ਹੋਇਆ।

ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਤਹਿਤ ਉਨ੍ਹਾਂ ਨੇ 5 ਮਈ, 1849 ਨੂੰ ਅੰਗਰੇਜ਼ ਸਰਕਾਰ ਨੇ 'ਗਊ-ਹੱਤਿਆ' ਦੀ ਇਜਾਜ਼ਤ ਦੇ ਦਿੱਤੀ ਤੇ ਪੰਜਾਬ ਵਿਚ ਬਹੁਤ ਸਾਰੇ ਬੁੱਚੜਖ਼ਾਨੇ ਖੁੱਲ੍ਹ ਗਏ ਕਿਉਂਕਿ ਅੰਗਰੇਜ਼ਾਂ ਨੂੰ ਆਪ ਵੀ ਗਊ ਦਾ ਮਾਸ ਖਾਣ ਦੀ ਜ਼ਰੂਰਤ ਸੀ। 20 ਮਈ 1849 ਨੂੰ ਇਸ ਸਬੰਧੀ ਸਰਕਾਰ ਨੇ ਇਕ ਆਰਡੀਨੈਂਸ ਜਾਰੀ ਕਰ ਦਿੱਤਾ। ਇਸ ਆਰਡੀਨੈਂਸ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਇਸ ਗਊ-ਹੱਤਿਆ ਦੇ ਮਾਮਲੇ ਵਿਚ ਕੋਈ ਵੀ ਪੜੌਸੀ ਇਸ ਵਿਚ ਦਖਲਅੰਦਾਜ਼ੀ ਨਹੀਂ ਕਰ ਸਕਦਾ, ਭਾਵੇਂ ਉਸਦਾ ਧਰਮ ਇਸਦੀ ਆਗਿਆ ਦਿੰਦਾ ਹੋਵੇ ਜਾਂ ਨਾ।

ਇਸ ਆਰਡੀਨੈਂਸ ਨਾਲ ਸਮਾਜ ਵਿਚ ਸਮਾਜਿਕ ਚਿੰਤਾ ਵੱਧ ਗਈ ਤੇ ਸਮਾਜਿਕ ਪ੍ਰਦੂਸ਼ਣ ਬੜਾ ਸਾਫ ਦਿਖਾਈ ਦੇਣ ਲੱਗਾ। ਇਸ ਨਾਲ ਨਾਮਧਾਰੀ ਸਿੱਖਾਂ ਵਿਚ ਅੰਗਰੇਜ਼ ਸਰਕਾਰ ਦੇ ਖਿਲਾਫ ਰੋਹ ਵੱਧ ਗਿਆ ਤੇ ਸਾਰੇ ਪੰਜਾਬ ਵਿਚ ਪ੍ਰਦਰਸ਼ਨ ਸ਼ੁਰੂ ਹੋ ਗਏ। ਇਸ ਕੰਮ ਵਿਚ ਮੁਸਲਮਾਨ ਭਾਈਚਾਰੇ ਨੇ ਅੰਗਰੇਜ਼ ਸਰਕਾਰ ਦਾ ਸਾਥ ਦਿੱਤਾ। ਪ੍ਰਦਰਸ਼ਨਾਂ ਵਿਚ ਨਾਮਧਾਰੀ ਸਿੱਖ ਅਕਸਰ ਇਹ ਨਾਅਰਾ ਲਾਉਂਦੇ ਸਨ:- 'ਮਾਰਨ ਗਊ ਗਰੀਬ ਨੂੰ, ਧਰਤੀ ਉਪਰ ਪਾਪ ਵਧੇਰਾ'। ਕੂਕਿਆਂ ਵਿਚ 'ਨਾਨਕ ਨਾਮ' ਦੀ ਖੁਮਾਰੀ ਕਰਕੇ ਬਹੁਤ ਜੋਸ਼ ਸੀ ਤੇ ਉਹਨਾਂ ਵਿਚ ਤਾਕਤ ਦਾ ਸੰਚਾਰ ਠਾਠਾਂ ਮਾਰਦਾ ਸੀ ਤੇ ਉਹ ਅੰਗਰੇਜ਼ ਸਰਕਾਰ ਨੂੰ ਇਹ ਵੀ ਕਹਿੰਦੇ ਸਨ:-

''ਇਹ ਮਲੇਸ਼ ਲੜਾਵਣ ਆਏ,  
ਇੰਨ੍ਹਾਂ ਬੁੱਚੜਖ਼ਾਨੇ ਲਾਏ।  
ਸਾਨੂੰ ਦੁੱਖ ਗਊ ਦਾ ਖਾਏ,  
ਸਿੰਘ ਸੀਸ ਦੇਣ ਹੁਣ ਆਏ।  
ਨਾਂ ਏ, ਕਰਤਾਰ ਦੇ।''



**ਪ੍ਰੋ: ਐਚ.ਐਲ.ਕਪੂਰ**  
**01- 916- 587-4002**

ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸਿੱਖਾਂ ਤੇ ਹਿੰਦੂਆਂ ਵਿਚ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੀ ਸੀ। ਇਹਨਾਂ ਦੋਹਾਂ ਫਿਰਕਿਆਂ ਦੀ ਮੁਸਲਮਾਨ ਸਮਾਜ ਤੇ ਅੰਗਰੇਜ਼ ਸਰਕਾਰ ਪ੍ਰਤੀ ਨਫ਼ਰਤ ਪੈਦਾ ਹੋ ਗਈ। ਇਹ ਦੋਵੇਂ ਫਿਰਕੇ ਇਸ ਨੂੰ ਇਕ ਘਿਨੌਣਾ ਤੇ ਨਾ ਬਰਦਾਸ਼ਤ ਕਰਨ ਵਾਲਾ ਅਪਰਾਧ ਸਮਝਦੇ ਸਨ ਕਿਉਂਕਿ ਇਹ ਉਹਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜ਼ਖਮੀ ਕਰਦਾ ਸੀ। ਗੁਆਂਢ ਵਿਚ ਰਹਿੰਦੇ ਭਾਈਚਾਰਿਆਂ ਵਿਚ ਇਕ ਚੰਗੇ ਗੁਆਂਢੀ ਦੀ ਭਾਵਨਾ ਖਤਮ ਹੋ ਗਈ। ਇਹੋ ਅੰਗਰੇਜ਼ ਸਰਕਾਰ ਕਰਨਾ ਚਾਹੁੰਦੀ ਸੀ। ਅੰਗਰੇਜ਼ ਸਰਕਾਰ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਅਗਰ ਇਹ ਤਿੰਨੇ ਕੌਮਾਂ ਇਕੱਠੀਆਂ ਹੋ ਗਈਆਂ ਤਾਂ ਸਾਡਾ ਭਾਰਤ ਤੇ ਰਾਜ ਕਰਨਾ ਮੁਸ਼ਕਿਲ ਹੋ ਜਾਵੇਗਾ।

ਗਊ-ਹੱਤਿਆ ਬੰਦ ਕਰਾਉਣ ਲਈ ਭਾਰਤ ਤੇ ਪੰਜਾਬ ਦੀਆਂ ਕਈ ਜਥੇਬੰਦੀਆਂ ਅੰਗਰੇਜ਼ ਸਰਕਾਰ ਨੂੰ ਮਿਲੀਆਂ, ਸਰਕਾਰ ਨੂੰ ਗਊ-ਹੱਤਿਆ ਬੰਦ ਕਰਨ ਲਈ ਆਖਿਆ ਪਰ ਸਰਕਾਰ ਦੇ ਕੰਨ ਤੇ ਕੋਈ ਜੂੰ ਨਾ ਸਰਕੀ ਤੇ ਕੋਈ ਵੀ ਬੁੱਚੜਖਾਨਾ ਬੰਦ ਨਾ ਕੀਤਾ, ਸਗੋਂ ਇਹ ਆਖਿਆ ਕਿ ਇਹ ਤਾਂ ਅੰਗਰੇਜ਼ ਸਰਕਾਰ ਦੇ ਕਾਨੂੰਨ ਅਧੀਨ ਇਜਾਜ਼ਤ ਲੈ ਕੇ ਖੋਲ੍ਹੇ ਗਏ ਹਨ। ਗਵਰਨਰ ਪੰਜਾਬ ਸਰਕਾਰ ਨੇ ਨਾਮਧਾਰੀ ਸਿੱਖਾਂ ਨੂੰ ਚਿਤਾਵਨੀ ਵੀ ਦਿੱਤੀ ਕਿ ਅਸੀਂ ਸਖ਼ਤੀ ਵੀ ਕਰਾਂਗੇ। ਅਖੀਰ ਲੈਫਟੀਨੈਂਟ ਗਵਰਨਰ ਪੰਜਾਬ ਨੇ ਮਿਤੀ 28 ਜੁਲਾਈ 1871 ਨੂੰ ਡੀ. ਆਈ. ਜੀ. ਕਰਨਲ ਜੇ. ਸੀ. ਪੀ. ਬਿਲੇ, ਪੁਲਿਸ ਲਾਹੌਰ ਨੂੰ ਪੱਤਰ ਲਿਖਿਆ ਕਿ ਬਾਬਾ ਰਾਮ ਸਿੰਘ ਜੀ ਤੇ ਉਹਨਾਂ ਦੇ ਸ਼ਰਧਾਲੂਆਂ ਤੇ ਸਖ਼ਤ ਨਜ਼ਰ ਰੱਖੀ ਜਾਵੇ। ਪੁਲਿਸ ਕੂਕਿਆਂ ਵਰਗੇ ਸਫੈਦ ਪਹਿਰਾਵੇ ਪਹਿਨ ਕੇ ਉਨ੍ਹਾਂ ਦੀ ਸੀ. ਆਈ. ਡੀ. ਕਰਨ ਲੱਗ ਪਈ ਤੇ ਸਰਕਾਰ ਨੂੰ ਸਾਰੀ ਜਾਣਕਾਰੀ ਦੇਣ ਲੱਗ ਪਈ।

ਗਊ-ਹੱਤਿਆ ਦੇ ਬੁੱਚੜਖ਼ਾਨੇ ਪੰਜਾਬ ਦੇ ਕਈ ਸ਼ਹਿਰਾਂ ਵਿਚ ਗੁਰਦੁਆਰਿਆਂ ਤੇ ਮੰਦਰਾਂ ਦੇ ਨਜ਼ਦੀਕ ਸਨ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਪਾਸ ਵੀ ਬੁੱਚੜਖਾਨਾ ਸੀ। ਉਥੇ ਗਊਆਂ ਦੀ ਹੱਤਿਆ ਕਰਨ ਦੇ ਬਾਅਦ ਗਊਆਂ ਦੀਆਂ ਹੱਡੀਆਂ,ਮਾਸ ਤੇ ਚਮੜੇ ਦਾ ਢੇਰ ਲੱਗਾ ਰਹਿੰਦਾ ਸੀ। ਜਿਸ ਦੀ ਬਦਬੂ ਦੂਰ-ਦੂਰ ਤੱਕ ਜਾਂਦੀ ਸੀ ਤੇ ਉਸ ਢੇਰ ਉਪਰ ਅਵਾਰਾ ਕੁੱਤਿਆਂ ਤੇ ਗਿਰਝਾਂ ਦਾ ਝੁਰਮਟ ਲੱਗਾ ਰਹਿੰਦਾ ਸੀ। ਗਿਰਝਾਂ ਜਦੋਂ ਉਡਦੀਆਂ ਸਨ ਤਾਂ ਉਹਨਾਂ ਦੇ ਮੂੰਹ ਤੇ ਪੈਰਾਂ ਵਿਚ ਮਾਸ ਤੇ ਹੱਡੀਆਂ ਦੇ ਟੁਕੜੇ ਵੀ ਹੁੰਦੇ ਸਨ। ਉਹ ਅਕਸਰ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਵੀ ਗਿਰਦੇ ਸਨ ਤੇ ਇਸ ਨਾਲ ਸਰੋਵਰ ਦੀ ਪਵਿੱਤਰਤਾ ਭੰਗ ਹੁੰਦੀ ਸੀ। ਸਿੱਖ ਜਗਤ ਵਿਚ ਇਸ ਪ੍ਰਤੀ ਬੜਾ ਰੋਹ ਪਾਇਆ ਜਾਂਦਾ ਸੀ। ਇਸ ਦੇ ਵਿਰੋਧ ਵਜੋਂ ਸਿੱਖਾਂ ਤੇ ਹਿੰਦੂ ਜਥੇਬੰਦੀਆਂ ਨੇ ਮੁਸਲਮਾਨ ਭਾਈਚਾਰੇ ਨਾਲ, ਇਸ ਤਰ੍ਹਾਂ ਗਊ ਹੱਤਿਆ ਨਾ ਕਰਨ ਦੀਆਂ ਮੁਲਾਕਾਤਾਂ ਵੀ ਕੀਤੀਆਂ ਪਰ ਇਸ ਦਾ ਕੋਈ ਅਸਰ ਨਾ ਹੋਇਆ। ਇਸ ਤੋਂ ਬਾਅਦ ਵਿਰੋਧ ਪੂਰੀ ਤਰ੍ਹਾਂ ਭਖ ਗਿਆ ਤੇ 1871 ਵਿਚ ਕਈ ਨਾਮਧਾਰੀਆਂ ਤੇ ਬਿਨਾਂ ਕੋਈ ਮੁਕੱਦਮਾ ਚਲਾਇਆਂ ਅੰਮ੍ਰਿਤਸਰ, ਲੁਧਿਆਣਾ ਤੇ ਰਾਏਕੋਟ ਵਿਚ ਸ਼ਹੀਦ ਕਰ ਦਿੱਤਾ। ਇਹਨਾਂ ਘਟਨਾਵਾਂ ਨੇ ਨਾਮਧਾਰੀਆਂ ਵਿਚ ਬਹੁਤ ਤਪਸ਼ ਪੈਦਾ ਕਰ ਦਿੱਤੀ ਤੇ ਇਸ ਦੇ ਨਾਲ ਜੋ ਹੋਰ ਵਰਗ ਭਾਰਤ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਕਰ ਰਹੇ ਸਨ, ਵਿਚ ਵੀ ਗਰਮੀ ਆਈ ਤੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਆਜ਼ਾਦੀ ਇੰਨੇ ਪੋਲੇ ਪੈਰਾਂ ਨਾਲ ਪ੍ਰਾਪਤ ਨਹੀਂ ਹੋਣੀ। ਅੰਗਰੇਜ਼ ਸਰਕਾਰ ਵੀ ਇਹ ਸਮਝਦੀ ਸੀ ਕਿ ਅਜਿਹੀਆਂ ਘਟਨਾਵਾਂ ਭਾਰਤ ਵਿਚੋਂ ਸਾਡਾ ਰਾਜ ਖਤਮ ਕਰ ਸਕਦੀਆਂ ਹਨ।

ਇਨ੍ਹਾਂ ਫਾਂਸੀਆਂ ਤੋਂ ਬਾਅਦ ਨਾਮਧਾਰੀਆਂ ਤੇ ਪੰਜਾਬ ਦੇ ਦੂਸਰੇ ਵਰਗ ਦੇ ਲੋਕਾਂ ਨੇ ਸਾਰੇ ਪੰਜਾਬ ਵਿਚ ਪ੍ਰਦਰਸ਼ਨ ਕੀਤੇ। ਲੁਧਿਆਣਾ, ਰਾਏਕੋਟ ਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਬੁੱਚੜਖ਼ਾਨੇ ਤਬਾਹ ਕਰ ਦਿੱਤੇ ਤੇ ਗਊਆਂ ਦੇ ਰੱਸੇ ਵੱਢ ਕੇ ਉਨ੍ਹਾਂ ਨੂੰ ਆਜ਼ਾਦ ਕਰ ਦਿੱਤਾ। ਇਨ੍ਹਾਂ ਪ੍ਰਦਰਸ਼ਨਾਂ ਵਿਚ ਦੋ ਬੁੱਚੜ ਵੀ ਮਾਰੇ ਗਏ ਤੇ ਕਈ ਸਿੰਘ ਵੀ ਜ਼ਖਮੀ ਹੋਏ। ਇਨ੍ਹਾਂ ਘਟਨਾਵਾਂ ਦੀ ਸਾਰੀ ਸੂਹ ਦਲਬੀਰ ਸਿੰਘ ਪਿੰਡ ਚੀਨੀਵਾਲ ਨੇ ਪੁਲਿਸ ਨੂੰ ਦੱਸ ਦਿੱਤੀ ਕਿਉਂਕਿ ਉਹ ਪੁਲਿਸ ਦਾ ਮੁਖ਼ਬਰ ਸੀ। ਇਸ ਤੋਂ ਬਾਅਦ ਪੁਲਿਸ ਨੇ ਸੰਤ ਮਸਤਾਨ ਸਿੰਘ, ਸੰਤ ਮੰਗਲ ਸਿੰਘ, ਸੰਤ ਗੁਰਮੁਖ ਸਿੰਘ ਆਦਿ ਨੂੰ ਗ੍ਰਿਫ਼ਤਾਰ ਕਰਕੇ ਮਿਤੀ 27 ਜੁਲਾਈ, 1871 ਨੂੰ ਅੰਬਾਲਾ ਡਵੀਜ਼ਨ ਦੇ ਜੱਜ ਜੇ. ਡਬਲਿਊ ਮੈਕਨੀਥ ਦੀ ਕੋਰਟ ਵਿਚ ਕੇਸ ਦਾਇਰ ਕਰ ਦਿੱਤਾ। ਕੇਸ ਹਾਈਕੋਰਟ ਲਾਹੌਰ ਵਿਚ 1 ਅਗਸਤ, 1871 ਨੂੰ ਪਹੁੰਚ ਗਿਆ ਤੇ ਹਾਈ ਕੋਰਟ ਨੇ 5 ਅਗਸਤ 1871 ਨੂੰ ਇਹਨਾਂ ਸਭ ਨੂੰ ਫਾਂਸੀ ਲਾ ਦਿੱਤੀ।

ਡੀ. ਸੀ. ਲੁਧਿਆਣਾ ਮਿਸਟਰ ਕਾਰਿਨ ਨੇ ਆਪਣੀ ਰਿਪੋਰਟ ਨੰਬਰ 180 ਮਿਤੀ 20 ਜੁਲਾਈ, 1871 ਵਿਚ ਕਿਹਾ, ਕਿ ਸਾਰੀਆਂ ਮੌਤਾਂ ਕੂਕਿਆਂ ਦੀ ਵਜ੍ਹਾ ਕਾਰਨ ਹੋਈਆਂ ਹਨ ਪਰ ਸਾਨੂੰ ਪੂਰਾ ਯਕੀਨ ਹੈ ਕਿ ਇਸਦਾ ਹੁਕਮ ਬਾਬਾ ਰਾਮ ਸਿੰਘ ਨੇ ਹੀ ਦਿੱਤਾ ਹੈ।''

ਇਸ ਤਰ੍ਹਾਂ ਅੰਗਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤੇ ਗਊ-ਹੱਤਿਆ ਬੰਦ ਕਰਾਉਣ ਲਈ ਸੰਘਰਸ਼ ਜਾਰੀ ਰਿਹਾ ਤੇ ਨਾਮਧਾਰੀ ਸਿੰਘ ਸ਼ਹੀਦੀਆਂ ਪ੍ਰਾਪਤ ਕਰਦੇ ਗਏ। ਜੂਨ 14-15, 1871 ਦੀ ਰਾਤ ਨੂੰ ਨਾਮਧਾਰੀ ਸਿੰਘਾਂ ਤੇ ਕਈ ਹਿੰਦੂ ਜਥੇਬੰਦੀਆਂ ਨੇ ਮਿਲ ਕੇ ਪੰਜਾਬ ਵਿਚ ਕਈ ਬੁੱਚੜਖਾਨਿਆਂ ਤੇ ਹਮਲਾ ਕਰ ਦਿੱਤਾ। ਕਈ ਬੁੱਚੜ ਮਾਰੇ ਗਏ ਤੇ ਗਊਆਂ ਨੂੰ ਉਹਨਾਂ ਦੀ ਕੈਦ ਵਿਚੋਂ ਛੁਡਵਾ ਕੇ ਆਜ਼ਾਦ ਕਰਵਾ ਦਿੱਤਾ। ਇਸ ਵਿਚ ਕਾਫੀ ਗਿਣਤੀ ਵਿਚ ਨਾਮਧਾਰੀ ਸਿੰਘਾਂ ਤੇ ਕਈ ਹਿੰਦੂ ਜਥੇਬੰਦੀਆਂ ਦੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਇਹ ਸਾਰੀ ਕਹਾਣੀ ਫਿਰ ਬਾਬਾ ਰਾਮ ਸਿੰਘ ਜੀ ਨੂੰ ਦੱਸੀ ਗਈ ਤੇ ਉਹਨਾਂ ਨੇ ਕਿਹਾ, "ਕਿ ਸਾਡੀ ਖਾਤਰ ਕੋਈ ਮੁਸੀਬਤ ਵਿਚ ਕਿਉਂ ਪਏ, ਇਹ ਕੋਈ ਬਹਾਦਰੀ ਦਾ ਕੰਮ ਨਹੀਂ ਹੈ। ਇਸ ਲਈ ਤੁਸੀਂ ਕਚਹਿਰੀ ਵਿਚ ਜਾਓ ਤੇ ਆਤਮ ਸਮਰਪਣ ਕਰ ਦਿਓ, ਜਿਸ ਨਾਲ ਜੇਲ੍ਹਾਂ ਵਿਚ ਬੰਦ ਹਿੰਦੂਆਂ ਤੇ ਸਿੱਖਾਂ ਨੂੰ ਸਰਕਾਰ ਆਪੇ ਜੇਲ੍ਹ ਵਿਚੋਂ ਰਿਹਾਅ ਕਰ ਦੇਵੇਗੀ। ਇਸ ਤੋਂ ਬਾਅਦ ਨਾਮਧਾਰੀ ਸਿੰਘਾਂ ਤੇ ਹੋਰ ਵਰਗ ਦੇ ਕਾਰਕੁੰਨਾਂ ਨੇ ਬਹਾਦਰੀ ਦਾ ਸਬੂਤ ਦਿੰਦਿਆਂ ਫਿਰ ਆਤਮ ਸਮਰਪਣ ਕਰ ਦਿੱਤਾ। ਕੁਝ ਨਾਮਧਾਰੀ ਸਿੰਘ ਤਲਵਾਰ ਨਾ ਚੁੱਕਣ ਦਾ ਕਹਿਣ 'ਤੇ ਬਾਬਾ ਰਾਮ ਸਿੰਘ ਜੀ ਨਾਲ ਨਰਾਜ਼ ਵੀ ਹੋ ਗਏ।

ਮਿਸਟਰ ਕਰਿਕਟੀ ਨੇ ਇਨਕੁਆਰੀ ਕੀਤੀ ਤੇ ਝੂਠਾ ਕੇਸ ਤੇ ਝੂਠੇ ਗਵਾਹ ਖੜ੍ਹੇ ਕਰਕੇ ਕੇਸ ਕੋਰਟ ਵਿਚ ਲਾ ਦਿੱਤਾ। ਕੂਕਿਆਂ ਨੂੰ ਫਾਂਸੀ ਦੀ ਸਜ਼ਾ ਲਾ ਕੇ ਸ਼ਹੀਦ ਕਰ ਦਿੱਤਾ। ਨਾਮਧਾਰੀ ਸਿੰਘਾਂ ਨੇ ਫਾਂਸੀ ਲੱਗਣ ਤੋਂ ਪਹਿਲਾਂ ਆਪਣੀ ਇੱਛਾ ਜ਼ਾਹਿਰ ਕੀਤੀ ਕਿ:-

(ੳ) ਫਾਂਸੀ ਵਾਲੇ ਦਿਨ ਫਾਂਸੀ ਦੇਣ ਤੋਂ ਪਹਿਲਾਂ ਸਾਨੂੰ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰਨ ਦਿੱਤਾ ਜਾਵੇ ਤੇ ਉਸ ਤੋਂ ਉਪਰੰਤ ਬਾਣੀ ਦਾ ਜਾਪ ਕਰਨ ਦੀ ਆਗਿਆ ਦਿੱਤੀ ਜਾਵੇ।  
(ਅ) ਸਾਡਾ ਫਾਂਸੀ ਦਾ ਫੰਦਾ ਚਮੜੇ ਦਾ ਨਹੀਂ ਸਗੋਂ ਰੇਸ਼ਮੀ ਧਾਗੇ ਦਾ ਬਣਿਆ ਹੋਣਾ ਚਾਹੀਦਾ ਹੈ।  
(ੲ) ਅਸੀਂ ਫਾਂਸੀ ਦਾ ਫੰਦਾ ਗਲੇ ਵਿਚ ਆਪ ਪਾਉਣਾ ਹੈ।

ਇਸ ਤਰ੍ਹਾਂ 15 ਸਤੰਬਰ, 1871 ਨੂੰ ਬਾਬਾ ਲਹਿਣਾ ਸਿੰਘ, ਬਾਬਾ ਫਤਹਿ ਸਿੰਘ ਬੱਤਰਾ, ਬਾਬਾ ਹਾਕਮ ਸਿੰਘ ਪਟਵਾਰੀ ਤੇ ਬਾਬਾ ਬਹੀਲਾ ਸਿੰਘ ਨੂੰ ਫਾਂਸੀ ਲਾ ਦਿੱਤੀ ਗਈ।

ਉਸ ਸਮੇਂ ਦੇ ਡਿਪਟੀ ਜਨਰਲ ਆਫ ਪੁਲਿਸ ਦਾ ਇਹ ਮੱਤ ਸੀ ਕਿ "ਜੇਕਰ ਕੂਕਿਆਂ ਦੀ ਵਧਦੀ ਹੋਈ ਤਾਕਤ ਨੂੰ ਕਰੂਰ ਤਰੀਕੇ ਨਾਲ ਨਾ ਦਬਾਇਆ ਗਿਆ ਤਾਂ ਲੋਕ ਅੰਗਰੇਜ਼ ਸਰਕਾਰ ਲਈ ਸਿਰਦਰਦੀ ਬਣ ਸਕਦੇ ਹਨ।''

ਗਿਆਨੀ ਰਤਨ ਸਿੰਘ ਜੀ ਮੰਡੀ ਵਾਲੇ, ਉਸ ਸਮੇਂ ਇਕ ਨਾਮਧਾਰੀ ਚਿੰਤਕ ਤੇ ਬੁਲਾਰੇ ਸਨ। ਰਾਏਕੋਟ ਵਾਲੇ ਕੇਸ ਵਿਚ ਗਿਆਨੀ ਰਤਨ ਸਿੰਘ ਜੀ ਮੰਡੀਵਾਲਿਆਂ ਤੇ ਭਾਈ ਰਤਨ ਸਿੰਘ ਨਈਵਾਲ ਵਾਲਿਆਂ ਨੂੰ ਆਈ. ਪੀ. ਸੀ. ਦੀ ਧਾਰਾ 302 ਦੇ ਤਹਿਤ ਫਾਂਸੀ ਦੀ ਸਜ਼ਾ ਦਿੱਤੀ ਗਈ। ਇਹ ਕੇਸ ਸਰਾਸਰ ਝੂਠਾ ਸੀ ਤੇ ਝੂਠੀਆਂ ਗਵਾਹੀਆਂ ਤੇ ਆਧਾਰਿਤ ਸੀ। ਨਵੰਬਰ 23, 1871 ਨੂੰ ਇਸ ਕੇਸ ਦਾ ਫੈਸਲਾ ਜੱਜ ਲਿੰਡਸੇ ਨੇ ਸੁਣਾਇਆ। ਨਵੰਬਰ 26, 1871 ਨੂੰ ਲੁਧਿਆਣੇ ਦੀ ਜੇਲ੍ਹ ਵਿਚ ਗਿਆਨੀ ਰਤਨ ਸਿੰਘ ਮੰਡੀਵਾਲੇ ਤੇ ਉਹਨਾਂ ਦੇ ਦੂਸਰੇ ਸਾਥੀਆਂ ਨੂੰ ਫਾਂਸੀ ਲਗਾਉਣ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜੇਲ੍ਹ ਦੇ ਬਾਹਰ ਇਕੱਤਰ ਹੋ ਗਏ ਤੇ ਉਹਨਾਂ ਨੇ ਇਹ ਦ੍ਰਿਸ਼ ਆਪਣੀਆਂ ਅੱਖਾਂ ਨਾਲ ਦੇਖਿਆ। ਇਸ ਇਕੱਤਰਤਾ ਵਿਚ ਹਿੰਦੂ ਧਰਮ ਦੇ ਲੋਕ ਵੀ ਕਾਫੀ ਗਿਣਤੀ ਵਿਚ ਮੌਜੂਦ ਸਨ। ਗਊ ਹੱਤਿਆ ਦਾ ਮਸਲਾ ਹਿੰਦੂਆਂ ਲਈ ਇਕ ਅਹਿਮ ਮਸਲਾ ਸੀ, ਕਿਉਂਕਿ ਇਹ ਉਹਨਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਵੀ ਜੁੜਿਆ ਹੋਇਆ ਸੀ। ਇਸ ਘੱਲੂਘਾਰੇ ਤੋਂ ਹਿੰਦੂ ਵਰਗ ਨੂੰ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ, ਕਿਉਂਕਿ ਕੂਕਾ ਲਹਿਰ ਭਾਰਤ ਨੂੰ ਆਜ਼ਾਦ ਕਰਾਉਣ ਲਈ ਤੇ ਗਊ-ਹੱਤਿਆ ਬੰਦ ਕਰਾਉਣ ਲਈ ਇਕ ਰਾਸ਼ਟਰੀ ਲਹਿਰ ਬਣ ਚੁੱਕੀ ਸੀ।

ਉਹਨਾਂ ਦਿਨਾਂ ਵਿਚ ਪੰਜਾਬ ਦੇ ਮਲੇਰਕੋਟਲਾ ਸ਼ਹਿਰ ਵਿਚ ਇਕ ਅਜਿਹੀ ਮੰਦਭਾਗੀ ਘਟਨਾ ਵਾਪਰੀ, ਜਿਸ ਨੇ ਨਾਮਧਾਰੀ ਲਹਿਰ ਵਿਚ ਇਕ ਨਵਾਂ ਮੋੜ ਲੈ ਆਂਦਾ। ਉਥੇ ਇਕ ਸਬਜ਼ੀ ਵੇਚਣ ਵਾਲਾ ਜਿਸ ਦਾ ਆਪਣੀ ਦੁਕਾਨ ਵਿਚ ਬੁੱਚੜਖਾਨਾ ਵੀ ਸੀ, ਨੂੰ ਇਕ ਨਾਮਧਾਰੀ ਸਿੱਖ ਸਰਦਾਰ ਗੁਰਮੁੱਖ ਸਿੰਘ ਜੀ ਨੇ ਬੜੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਇਸ ਗਊ 'ਤੇ ਦਇਆ ਕਰੋ ਤੇ ਇਸ ਨੂੰ ਕਤਲ ਨਾ ਕਰੋ। ਇਸ ਵਿਚਾਰੀ ਬੇਜ਼ੁਬਾਨ ਨੇ ਕੀ ਕਸੂਰ ਕੀਤਾ ਹੈ। ਇਸ ਗੱਲ ਤੇ ਦੁਕਾਨਦਾਰ ਤੇ ਸਰਦਾਰ ਗੁਰਮੁੱਖ ਸਿੰਘ ਵਿਚਕਾਰ ਝਗੜਾ ਹੋ ਗਿਆ ਅਤੇ ਇਹ ਝਗੜਾ ਅਦਾਲਤ ਤੱਕ ਪਹੁੰਚ ਗਿਆ। ਅਦਾਲਤ ਦਾ ਜੱਜ ਇਕ ਮੁਸਲਮਾਨ ਸੀ, ਉਸ ਨੇ ਇਨਸਾਫ ਤਾਂ ਕੀ ਦੇਣਾ ਸੀ ਤੇ ਸਰਦਾਰ ਗੁਰਮੁਖ ਸਿੰਘ ਜੀ ਦੀਆਂ ਭਾਵਨਾਵਾਂ ਨੂੰ ਕੀ ਸਮਝਣਾ ਸੀ, ਸਗੋਂ ਜੱਜ ਨੇ ਮੁਸਲਮਾਨ ਦੁਕਾਨਦਾਰ ਨੂੰ ਹੁਕਮ ਦਿੱਤਾ ਕਿ ਉਹ ਗਊ ਦੀ ਹੱਤਿਆ ਇਸ ਨਾਮਧਾਰੀ ਸਿੱਖ ਦੀਆਂ ਅੱਖਾਂ ਦੇ ਸਾਹਮਣੇ ਕਰ ਦੇਵੇ। ਦੁਕਾਨਦਾਰ ਨੇ ਇੰਝ ਹੀ ਕੀਤਾ। ਅਗਲੇ ਹੀ ਦਿਨ ਸਰਦਾਰ ਗੁਰਮੁੱਖ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਪਾਸ ਚਲੇ ਗਏ ਤੇ ਸਾਰੀ ਕਹਾਣੀ ਸੁਣਾਈ। ਇਸ ਘਟਨਾ ਪ੍ਰਤੀ ਨਾਮਧਾਰੀਆਂ ਵਿਚ ਬੜਾ ਰੋਹ ਸੀ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੰਘਾਂ ਨੂੰ ਗੁੱਸੇ ਵਿਚ ਆ ਕੇ ਕੋਈ ਸਖ਼ਤ ਕਦਮ ਚੁੱਕਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ, ''ਜੇਕਰ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਇਕ ਸਾਲ ਤੱਕ ਕਾਬੂ ਵਿਚ ਰੱਖ ਸਕਦੇ ਹੋ ਤਾਂ ਮੈਂ ਬਿਨਾਂ ਕੋਈ ਹਥਿਆਰਾਂ ਦੀ ਲੜਾਈ ਲੜੇ, ਜਿਸ ਕੰਮ ਨੂੰ ਤੁਸੀਂ ਇਹ ਲੜਾਈ ਤਲਵਾਰਾਂ ਦੇ ਜ਼ੋਰ ਨਾਲ ਲੜਨਾ ਚਾਹੁੰਦੇ ਹੋ, ਤੋਂ ਬਿਨਾਂ ਜਿੱਤ ਸਕਦਾ ਹਾਂ ਪਰ ਮੈਂ ਗੁਰੂ ਤੇਗ ਬਹਾਦਰ ਜੀ ਦੇ ਦਿੱਤੇ ਗਏ ਫੁਰਮਾਨਾਂ ਦੇ ਖਿਲਾਫ ਕਿਵੇਂ ਜਾ ਸਕਦਾ ਹਾਂ।'' ਸਤਿਗੁਰੂ ਜੀ ਦਾ ਇਹ ਉੱਤਰ ਸੁਣ ਕੇ ਸ਼ਰਧਾਲੂਆਂ ਵਿਚ ਨਿਰਾਸ਼ਾ ਛਾ ਗਈ।

ਨਾਮਧਾਰੀ ਸਿੰਘਾਂ ਲਈ ਉਸ ਮੁਸਲਮਾਨ ਜੱਜ ਦੇ ਦਿੱਤੇ ਗਏ ਹੁਕਮਾਂ ਦੇ ਖਿਲਾਫ ਕੋਈ ਠੋਸ ਕਦਮ ਚੁੱਕਣ ਲਈ ਰੁਕੇ ਰਹਿਣਾ ਅਸੰਭਵ ਸੀ। ਅੰਤ ਨੂੰ 13 ਜਨਵਰੀ 1872 ਨੂੰ ਕੋਈ 150 ਨਾਮਧਾਰੀ ਸਿੱਖਾਂ ਦੇ ਜਥੇ ਨੇ ਸੰਤ ਹੀਰਾ ਸਿੰਘ ਤੇ ਸਰਦਾਰ ਲਹਿਣਾ ਸਿੰਘ ਜੀ ਦੀ ਅਗਵਾਈ ਵਿਚ ਕੋਟਲਾ ਵੱਲ ਨੂੰ ਉਸ ਕੱਟੜ ਇਸਲਾਮੀ ਜੱਜ ਤੋਂ ਬਦਲਾ ਲੈਣ ਲਈ ਕੂਚ ਕਰ ਦਿੱਤਾ। ਨਾਮਧਾਰੀ ਸਿੰਘਾਂ ਤੇ ਮਲੇਰਕੋਟਲੇ ਦੇ ਹਾਕਮਾਂ ਵਿਚਕਾਰ ਬੜਾ ਘਮਸਾਨ ਦਾ ਯੁੱਧ ਹੋਇਆ ਤੇ ਸੈਂਕੜੇ ਜਾਨਾਂ ਗਈਆਂ। ਇਸ ਯੁੱਧ ਤੋਂ ਬਾਅਦ ਨਾਮਧਾਰੀ ਸਿੰਘਾਂ ਨੇ ਆਪਣੀ ਸਵੈ-ਇੱਛਾ ਨਾਲ ਅੰਗਰੇਜ਼ ਸਰਕਾਰ ਅੱਗੇ ਆਤਮ ਸਮਰਪਣ ਕਰ ਦਿੱਤਾ।

ਉਸੇ ਸਮੇਂ ਦੌਰਾਨ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਕੋਵਨ ਮੌਕੇ ਤੇ ਪਹੁੰਚਿਆ ਤੇ ਉਸ ਨੇ ਮਲੇਰਕੋਟਲੇ ਦੇ ਯੂਨੀਅਰ ਸ਼ਾਸਕ ਪਾਸੋਂ ਇਕਦਮ ਪ੍ਰਬੰਧਕੀ ਚਾਰਜ ਲੈ ਲਿਆ। ਉਸ ਨੇ ਬੜੇ ਗੁੱਸੇ ਵਿਚ ਹੁਕਮ ਦਿੱਤਾ ਕਿ ਮੇਰੇ ਸਾਹਮਣੇ ਉਹਨਾਂ ਨਾਮਧਾਰੀ ਸਿੱਖਾਂ ਨੂੰ ਪੇਸ਼ ਕੀਤਾ ਜਾਵੇ ਤੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਜਾਵੇ। ਜਨਵਰੀ 17 ਨੂੰ 49 ਨਾਮਧਾਰੀ ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਸ਼ਹੀਦ ਕਰ ਦਿੱਤਾ ਤੇ ਅਗਲੇ ਦਿਨ ਫਿਰ 18 ਜਨਵਰੀ ਨੂੰ 16 ਨਾਮਧਾਰੀ ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ।

**ਇਹਨਾਂ ਸਿੰਘਾਂ ਦੀਆਂ ਸ਼ਹੀਦੀਆਂ ਦੇ ਦੌਰਾਨ ਮਿਸਟਰ ਕੋਵਨ ਦੀ ਪਤਨੀ ਨੇ ਆਪਣੇ ਪਤੀ ਨੂੰ ਇਕ 12 ਸਾਲ ਦੇ ਮਾਸੂਮ ਬੱਚੇ, ਜਿਸ ਦਾ ਨਾਮ ਬਿਸ਼ਨ ਸਿੰਘ ਸੀ 'ਤੇ ਰਹਿਮ ਕਰਨ ਦੀ ਅਪੀਲ ਕੀਤੀ ਕਿ ਇਸ ਬੱਚੇ ਦੇ ਗੋਲੀਆਂ ਨਾ ਮਾਰੀਆਂ ਜਾਣ। ਮਿਸਟਰ ਕੋਵਨ ਮੰਨ ਗਿਆ ਤੇ ਕਿਹਾ ਕਿ ਇਹ ਬੱਚਾ ਆਪਣੀ ਗਲਤੀ ਮੰਨ ਲਵੇ, ਇਹ ਸੁਣਦੇ ਸਾਰ ਹੀ ਬਿਸ਼ਨ ਸਿੰਘ ਨੇ ਇਕਦਮ ਝਪਟ ਕੇ ਡੀ. ਸੀ. ਕੋਵਨ ਦੀ ਦਾੜ੍ਹੀ ਫੜ ਲਈ ਤੇ ਉਨੀ ਦੇਰ ਨਹੀਂ ਛੱਡੀ ਜਿੰਨੀ ਦੇਰ ਬਿਸ਼ਨ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਮੀਨ ਤੇ ਨਹੀਂ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਇਕ ਮਾਸੂਮ ਬਿਸ਼ਨ ਸਿੰਘ 17 ਜਨਵਰੀ ਨੂੰ ਸ਼ਹੀਦ ਹੋਣ** (ਬਾਕੀ ਅਗਲੇ ਸਫੇ ਤੇ)

# 'ਮਾਰਕ ਗਊ-ਗਰੀਬ ਨੂੰ, ਧਰਤੀ 'ਤੇ ਪਾਪ ਬਥੇਰਾ'

**ਵਾਲਾ 50ਵਾਂ ਨਾਮਧਾਰੀ ਸਿੰਘ ਸੀ।**

ਉਸ ਸਮੇਂ ਦੇ ਡਿਪਟੀ ਜਨਰਲ ਆਫ ਪੁਲਿਸ ਦਾ ਇਹ ਮੱਤ ਸੀ ਕਿ ਜੇਕਰ ਕੂਕਿਆਂ ਦੀ ਇਸ ਵਧਦੀ ਹੋਈ ਤਾਕਤ ਨੂੰ ਕਰੂਰ ਤਰੀਕੇ ਨਾਲ ਨਾ ਦਬਾਇਆ ਗਿਆ ਤਾਂ ਇਹ ਲੋਕ ਅੰਗਰੇਜ਼ ਸਰਕਾਰ ਲਈ ਸਿਰਦਰਦੀ ਬਣ ਸਕਦੇ ਹਨ।

ਅੰਗਰੇਜ਼ ਸਰਕਾਰ ਨਾਮਧਾਰੀ/ ਕੂਕਾ ਲਹਿਰ ਤੇ ਪਾਬੰਦੀ ਲਾਉਣ ਦੀ ਤਾਕ ਵਿਚ ਹੀ ਸੀ ਤੇ ਇਹ ਮੌਕਾ ਉਹਨਾਂ ਨੂੰ ਮਲੇਰਕੋਟਲੇ ਦੀਆਂ ਘਟਨਾਵਾਂ ਘਟਣ ਬਾਅਦ ਮਿਲ ਗਿਆ। ਸਰਕਾਰ ਨੇ 17 ਜਨਵਰੀ ਦੀ ਰਾਤ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਤੇ ਉਹਨਾਂ ਦੇ ਕੁਝ ਸਾਥੀਆਂ ਭਾਈ ਬੰਨੋ ਸਿੰਘ, ਭਾਈ ਗੁਰਦਿੱਤ ਸਿੰਘ ਗੱਡੇ ਵਾਲਾ, ਸੂਬਾ ਸਾਹਿਬ ਸਿੰਘ, ਬਾਬਾ ਜਵਾਹਰ ਸਿੰਘ ਸਮੇਤ ਗ੍ਰਿਫ਼ਤਾਰ ਕਰ ਲਿਆ। ਸੂਬਾ ਸਾਹਿਬ ਸਿੰਘ ਅਤੇ ਬਾਬਾ ਕਾਨ੍ਹ ਸਿੰਘ ਨੂੰ ਹਜ਼ਾਰੀ ਬਾਗ ਜੇਲ੍ਹ ਵਿਚ ਭਾਰੀ ਸਜ਼ਾਵਾਂ ਦੇਣ ਲਈ ਭੇਜ ਦਿੱਤਾ। ਮਿਤੀ 21 ਮਈ, 1875 ਦੀ ਇਕ ਵਿਭਾਗੀ ਰਿਪੋਰਟ ਅਨੁਸਾਰ ਸੂਬਾ ਸਾਹਿਬ ਸਿੰਘ ਨੂੰ ਕੋਈ ਸਰੀਰਕ ਦਰਦਾਂ ਦੀ ਬਿਮਾਰੀ ਹੈ, ਦੱਸਿਆ ਗਿਆ ਹੈ। ਇੱਥੋਂ ਉਹਨਾਂ ਦੀ 10 ਜੂਨ, 1879 ਨੂੰ ਜੇਲ੍ਹ ਵਿਚ ਹੀ ਮੌਤ ਹੋ ਗਈ। ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਤੇ ਬੰਗਾਲ ਰੈਗੁਲੇਸ਼ਨ ਦੀ ਧਾਰਾ- 3, 1818 ਅਧੀਨ ਸੈਕਸ਼ਨ 11 ਵਰੰਟ ਪੰਜਾਬ ਸਰਕਾਰ ਅਨੁਸਾਰ ਇਲਾਹਾਬਾਦ ਦੇ 'ਪ੍ਰਯਾਗਰਾਜ' ਕਿਲ੍ਹੇ ਵਿਚ ਭੇਜ ਕੇ ਨਜ਼ਰਬੰਦ ਕਰ ਦਿੱਤਾ। ਬਾਬਾ ਰਾਮ ਸਿੰਘ ਜੀ ਇਕ ਪਹਿਲੇ ਸੰਤ ਸਨ, ਜਿਹਨਾਂ ਨੂੰ ਇਸ ਕਿਲ੍ਹੇ ਵਿਚ ਬੰਦ ਕਰਕੇ ਰੱਖਿਆ ਗਿਆ ਤੇ ਉਸ ਤੋਂ ਬਾਅਦ ਉਹਨਾਂ ਨੂੰ ਜਲਾਵਤਨ ਕਰਕੇ ਰੰਗੂਨ (ਬਰਮਾ) ਵਿਖੇ ਭੇਜ ਦਿੱਤਾ ਗਿਆ। ਉਸ ਸਮੇਂ ਦੇ ਐਸੋਸੀਏਟ ਡਬਲਿਊ. ਐਮ. ਸਟਰ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ, ''ਅੰਗਰੇਜ਼ ਸਰਕਾਰ ਇਹਨਾਂ ਤੋਂ ਬਹੁਤ ਭੈ-ਭੀਤ ਹੈ।'' ਇਸੇ ਹੀ ਤਰ੍ਹਾਂ ਭਾਰਤ ਸਥਿਤ ਚੀਫ ਕਮਿਸ਼ਨਰ ਬਰਮਾ ਨੇ ਜੇਲ੍ਹ ਅਧਿਕਾਰੀਆਂ ਰੰਗੂਨ ਨੂੰ ਲਿਖਿਆ ਕਿ, ''ਬਾਬਾ ਰਾਮ ਸਿੰਘ ਇਕ ਬਹੁਤ ਖਤਰਨਾਕ ਵਿਅਕਤੀ ਹੈ, ਭਾਵੇਂ ਇਹ ਸਭ ਭਾਰਤੀਆਂ ਵਿਚੋਂ ਸਭ ਤੋਂ ਖਤਰਨਾਕ ਵਿਅਕਤੀ ਹੈ। ਇਸ ਦੀਆਂ ਲਿਖੀਆਂ ਗਈਆਂ ਚਿੱਠੀਆਂ ਨੂੰ ਕਿਸੇ ਵੀ ਸੂਰਤ ਵਿਚ ਜੇਲ੍ਹ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ ਤੇ ਇਹਨਾਂ ਤੇ ਪਾਬੰਦੀ ਲਾ ਦਿੱਤੀ ਜਾਵੇ।''

ਨਾਮਧਾਰੀ ਸਿੱਖਾਂ ਨੇ ਅਧਿਆਤਮਕਤਾ ਵਿਚ ਵੀ ਉਚਾਈਆਂ ਨੂੰ ਛੋਹਿਆ ਹੈ। 'ਰਹਿਤ ਮਰਿਆਦਾ' ਕਾਰਨ ਉਹ ਬਹੁਤ ਮਹਾਨ ਮਾਨਵਵਾਦੀ ਬਣ ਗਏ। ਉਹ ਸਵਦੇਸ਼ੀ ਵਿਚਾਰਧਾਰਾ ਵਿਚ ਯਕੀਨ ਰੱਖਦੇ ਸਨ ਤੇ ਉਹਨਾਂ ਨੇ ਆਪਣੇ ਆਪ ਨੂੰ ਇਸ ਅਨੁਸਾਰ ਢਾਲ ਲਿਆ ਹੈ। ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਖਿਲਾਫ ਭਾਰਤ ਨੂੰ ਆਜ਼ਾਦ ਕਰਾਉਣ ਲਈ ਇਕ ਮਹਾਨ ਏਜੰਡਾ ਲਿਆਂਦਾ ਤੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ। ਇਸੇ ਹੀ ਕਾਰਨ ਕਰਕੇ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਅਹਿਮ ਸਾਥੀਆਂ ਨੂੰ ਭਾਰਤ ਤੋਂ 18 ਜਨਵਰੀ, 1872 ਨੂੰ ਜਲਾਵਤਨ ਕਰਕੇ ਪਹਿਲਾਂ ਅਲਾਹਾਬਾਦ ਤੇ ਉਥੋਂ ਰੰਗੂਨ ਭੇਜ ਦਿੱਤਾ ਤੇ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੂੰ, ਰੰਗੂਨ ਵਿਖੇ ਜੇਲ੍ਹ ਦੀ ਉਸੇ ਜਗ੍ਹਾ ਤੇ ਕੈਦ ਰੱਖਿਆ, ਜਿੱਥੇ ਕਦੀ ਮੁਗਲਾਂ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਨੂੰ ਜਲਾਵਤਨ ਕਰਕੇ ਕੈਦ ਰੱਖਿਆ ਗਿਆ ਸੀ। ਇਹ ਵੀ ਇਕ ਇਤਫ਼ਾਕ ਦੀ ਹੀ ਗੱਲ ਹੈ ਕਿ ਭਾਰਤ ਦੀਆਂ ਦੋ ਮਹਾਨ ਸ਼ਖਸੀਅਤਾਂ ਨੂੰ ਇਕੋ ਜੇਲ੍ਹ ਦੀ ਇਕੋ ਕੋਠੜੀ ਨਸੀਬ ਹੋਈ।
(ਹਵਾਲਾ ਡਾ: ਗੰਡਾ ਸਿੰਘ ਜੀ, 'ਕੂਕਿਆਂ ਦੀ ਵਿਥਿਆ' ਅੰਮ੍ਰਿਤਸਰ 1944)

ਸਰਕਾਰੀ ਰਿਪੋਰਟਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੀ ਮੌਤ 29 ਨਵੰਬਰ 1885 ਨੂੰ ਹੋਈ ਦੱਸੀ ਜਾਂਦੀ ਹੈ ਪਰ ਉਹਨਾਂ ਦੇ ਸ਼ਰਧਾਲੂ ਅੱਜ ਤੱਕ ਇਹ ਕਹਿੰਦੇ ਹਨ ਕਿ ਉਹ ਮਰੇ ਨਹੀਂ ਹਨ ਤੇ ਜਿੰਦਾ ਹਨ। ਉਹਨਾਂ ਦੀ ਉਮਰ ਉਹ 250 ਸਾਲ ਦੱਸਦੇ ਹਨ ਤੇ ਕਹਿੰਦੇ ਹਨ ਕਿ ਉਹ 2066 ਈਸਵੀ ਵਿਚ ਫਿਰ ਪ੍ਰਗਟ ਹੋਣਗੇ। ਉਹਨਾਂ ਦੇ ਸ਼ਰਧਾਲੂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਵੀ ਕਹਿੰਦੇ ਹਨ।

ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ 21 ਸਤੰਬਰ 1880 ਨੂੰ ਮੀਰਗੁਈ ਕਿਸੇ ਗੁਪਤ ਜਗ੍ਹਾ ਤੇ ਲਕੋਅ ਦਿੱਤਾ ਤਾਂ ਜੋ ਉਹਨਾਂ ਦਾ ਕਿਸੇ ਨੂੰ ਪਤਾ ਨਾ ਲੱਗ ਸਕੇ ਤੇ ਉਹ ਆਪਣਾ ਕੋਈ ਸੰਦੇਸ਼ ਆਪਣੇ ਸ਼ਰਧਾਲੂਆਂ ਨੂੰ ਨਾ ਭੇਜ ਸਕਣ, ਪਰ ਇੱਥੋਂ ਉਹ ਕਿਸੇ ਗੁਪਤ ਤਰੀਕੇ ਨਾਲ ਸਰਕਾਰ ਤੇ ਲੋਕਾਂ ਦੀ ਨਜ਼ਰ ਤੋਂ ਮਿਤੀ 21 ਨਵੰਬਰ 1885 ਨੂੰ ਲੁਪਤ ਹੋ ਗਏ। ਸਰਕਾਰ ਵੀ ਉਹਨਾਂ ਨੂੰ ਭਾਲ ਨਾ ਸਕੀ। ਜਦੋਂ ਸਰਕਾਰ ਕੋਲ ਕੋਈ ਹੋਰ ਚਾਰਾ ਨਾ ਰਿਹਾ ਤਾਂ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਉਹ ਆਪਣੀ ਚਿੱਠੀਆਂ ਵਿਚ ਲਿਖਦੇ ਹਨ ਕਿ ''ਭੈਣੀ ਸਾਹਿਬ ਤੋਂ ਕਾਫੀ ਦੇਰ ਤੱਕ ਜਲਾਵਤਨ ਰਹਿਣ ਮਗਰੋਂ, ਸਰਕਾਰ ਨੇ ਮੇਰੀ ਮੌਤ ਦਾ ਝੂਠਾ ਐਲਾਨ ਕਰ ਦਿੱਤਾ ਹੈ। ਮੈਨੂੰ ਤਾਂ ਅੱਗ ਵੀ ਨਹੀਂ ਜਲਾਅ ਸਕਦੀ, ਪਾਣੀ ਮੈਨੂੰ ਡੋਬ ਨਹੀਂ ਸਕਦਾ, ਮੈਂ ਉਸੇ ਹੀ ਤਰ੍ਹਾਂ ਉਸੇ ਹੀ ਰੂਪ ਵਿਚ ਮੁੜ ਵਾਪਸ ਆਵਾਂਗਾ। ਇਹ ਵਿਸ਼ਵਾਸ ਨਾ ਕਰਨਾ ਕਿ ਮੇਰੀ ਮੌਤ ਹੋ ਚੁੱਕੀ ਹੈ।'' ਇਹੋ ਹੀ ਕਾਰਨ ਹੈ ਕਿ ਅੱਜ ਵੀ ਉਹਨਾਂ ਦੇ ਸ਼ਰਧਾਲੂ ਉਹਨਾਂ ਦੀ ਹੋਈ ਮੌਤ ਦਾ ਯਕੀਨ ਨਹੀਂ ਕਰਦੇ, ਤੇ ਕਹਿੰਦੇ ਹਨ ਕਿ ਉਹ ਆਪਣੇ ਕੀਤੇ ਵਾਅਦੇ ਮੁਤਾਬਕ ਜ਼ਰੂਰ ਦੁਬਾਰਾ ਆਉਣਗੇ।
(ਹਵਾਲਾ 'ਦੀ ਨਾਮਧਾਰੀ ਸਿੱਖਜ਼' ਲੇਖਕ ਸ੍ਰੀਮਤੀ ਬਿਅੰਤ ਕੌਰ ਪੰਨਾ 32+33)

ਯੂ. ਕੇ. ਬਰਮਿੰਗਮ ਵਿਚ ਵੱਸਦੇ ਨਾਮਧਾਰੀ ਆਖਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਜਰਮਨ ਵਿਚ ਦੇਖਿਆ ਗਿਆ ਹੈ ਤੇ ਉਥੇ ਉਹ ਕਈ ਲੋਕਾਂ ਨੂੰ ਨਜ਼ਰ ਆਏ ਹਨ। ਉਹ ਬਾਬਾ ਰਾਮ ਸਿੰਘ ਜੀ ਨੂੰ ਜਿੰਦਾ ਦੱਸਦੇ ਹਨ। ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਉਹਨਾਂ ਦੀ ਗੱਦੀ ਤੇ ਬੈਠੇ ਕ੍ਰਮਵਾਰ ਬਾਬਾ ਹਰੀ ਸਿੰਘ ਜੀ, ਬਾਬਾ ਪ੍ਰਤਾਪ ਸਿੰਘ ਜੀ, ਬਾਬਾ ਜਗਜੀਤ ਸਿੰਘ ਜੀ ਅਕਸਰ ਆਪਣੇ ਭਾਸ਼ਣਾਂ ਵਿਚ ਕਹਿੰਦੇ ਰਹੇ ਹਨ ਕਿ ਅਸੀਂ ਨਾਮਧਾਰੀ 'ਗੁਰੂ' ਸਿਰਫ ਬਾਬਾ ਰਾਮ ਸਿੰਘ ਜੀ ਦੀ 'ਗੁਰਗੱਦੀ' ਦੇ ਸਿਰਫ ਨਿਗਰਾਨ ਹੀ ਹਾਂ। ਮੌਜੂਦਾ ਸਮੇਂ ਵਿਚ ਉਹਨਾਂ ਦੀ ਗੱਦੀ ਤੇ ਬਾਬਾ ਉਦੈ ਸਿੰਘ ਜੀ ਬਿਰਾਜਮਾਨ ਹਨ।

ਬਾਬਾ ਰਾਮ ਸਿੰਘ ਜੀ ਦੇ ਸਮਾਜ ਸੁਧਾਰ ਲਈ ਕੀਤੇ ਕੰਮ ਇਸ ਪ੍ਰਕਾਰ ਹਨ:-

ਕੂਕੇ ਮਾਨਵਤਾ ਦੀ ਸੇਵਾ ਵਿਚ ਵਿਸ਼ਵਾਸ ਰੱਖਦੇ ਹਨ। ਉਹ ਗਰੀਬ ਤੇ ਨਿਤਾਣੇ ਦੀ ਮਦਦ ਕਰਕੇ ਸੇਵਾ ਕਰਦੇ ਹਨ। ਗਊ-ਗਰੀਬ ਦੀ ਰੱਖਿਆ ਲਈ ਉਹ ਵੱਡੀ ਤੋਂ ਵੱਡੀ



ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਇਸ ਮੰਤਵ ਦੀ ਪ੍ਰਾਪਤੀ ਲਈ ਉਹ ਕਦੀ ਵੀ ਪਿੱਛੇ ਮੁੜ ਕੇ ਨਹੀਂ ਦੇਖਦੇ। ਉਹਨਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਤੇ ਆਪਣੀ ਇੱਜ਼ਤ ਦੀ ਖਾਤਰ ਜਾਨ ਦੀ ਬਾਜ਼ੀ ਲਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਸਤਿਗੁਰੂ ਕਬੀਰ ਦਾਸ ਜੀ ਦਾ ਨਿਮਨ-ਲਿਖਤ ਸ਼ਲੋਕ ਉਹਨਾਂ ਤੇ ਪੂਰਾ ਢੁੱਕਦਾ ਹੈ:-

''ਸੂਰਾ ਸੋ ਪਹਿਚਾਨੀਏ, ਜੋ ਲੜੇ ਦੀਨ ਕੇ ਹੇਤ,
ਪੁਰਜਾ-ਪੁਰਜਾ ਕੱਟ ਮਰੇ, ਕਬਹੂੰ ਨਾ ਛਾਡੈ ਖੇਤ।।''

ਸਤਿਗੁਰੂ ਰਾਮ ਸਿੰਘ ਜੀ ਨੇ ਬਾਲ ਹੱਤਿਆ ਭਾਵ ਬੱਚਿਆਂ ਦੀ ਪ੍ਰਾਪਤੀ ਲਈ ਕਿਸੇ ਦੇ ਬੱਚੇ ਦੀ ਹੱਤਿਆ ਕਰਨ ਨੂੰ, ਬੰਦ ਕਰਵਾਇਆ। ਪਹਿਲੀ ਵਾਰ ਔਰਤ ਨੂੰ ਸਿੱਖ ਇਤਿਹਾਸ ਵਿਚ ਅੰਮ੍ਰਿਤ ਛਕਾਅ ਕੇ 'ਖਾਲਸੇ ਦਾ ਰੁਤਬਾ' ਆਦਮੀ ਦੇ ਬਰਾਬਰ ਦਿੱਤਾ। ਬਾਲ ਵਿਆਹ ਦੀ ਪ੍ਰਥਾ ਬੰਦ ਕੀਤੀ। ਲੜਕੀਆਂ ਦੇ ਵਿਆਹ ਦੀ ਉਮਰ 16 ਸਾਲ ਤੇ ਲੜਕਿਆਂ ਦੇ ਵਿਆਹ ਦੀ ਉਮਰ 18 ਸਾਲ ਕੀਤੀ। ਨਾਮਧਾਰੀਆਂ ਨੂੰ ਅੰਤਰਜਾਤੀ ਵਿਆਹ ਕਰਨ ਦੀ ਛੋਟ ਦਿੱਤੀ। ਬਲਦਾਂ ਨੂੰ ਖੱਸੀ ਕਰਨ ਦੀ ਪ੍ਰਥਾ ਬੰਦ ਕੀਤੀ ਤੇ ਜਾਨਵਰਾਂ ਨੂੰ ਪਿਆਰ ਕਰਨ ਦੇ ਆਦੇਸ਼ ਦਿੱਤੇ। ਨਾਮਧਾਰੀਆਂ ਨੂੰ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਆਖਿਆ। ਭਾਵੇਂ 'ਸੁੱਖਾਂ-ਦੇਗ' ਭਾਵ ਸ਼ਰਦਾਈ ਦੀ ਮਨਾਹੀ ਨਹੀਂ ਕੀਤੀ ਪਰ ਇਸ ਨੂੰ ਛੱਡ ਕੇ ਬਾਕੀ ਸਾਰੇ ਨਸ਼ੇ ਨਾ ਕਰਨ ਦੀ ਮਨਾਹੀ ਕੀਤੀ। ਸਾਦਾ ਵਿਆਹ ਕਰਨ ਦੀ ਪ੍ਰਥਾ ਚਲਾਈ ਤੇ ਵਿਆਹਾਂ 'ਤੇ ਫਜ਼ੂਲ ਖਰਚੀ ਬੰਦ ਕਰਵਾਈ। ਵਿਧਵਾ ਵਿਆਹ ਦੀ ਇਜਾਜ਼ਤ ਦਿੱਤੀ। ਆਪਣੇ ਸ਼ਰਧਾਲੂਆਂ ਨੂੰ ਚਿੱਟੇ ਸਾਫ ਸੁਥਰੇ ਬਸਤਰ ਪਹਿਨਣ ਤੇ ਸਦਾ ਸੱਚ ਬੋਲਣ ਦੀ ਸਿੱਖਿਆ ਦਿੱਤੀ। ਸ਼ੁਰੂ-ਸ਼ੁਰੂ ਵਿਚ ਨਾਮਧਾਰੀ ਸਿੱਖਾਂ ਨੂੰ ਅੱਤਵਾਦੀ ਕਿਹਾ ਜਾਣ ਲੱਗਾ ਕਿਉਂਕਿ ਉਹ ਗੁੱਗਾ ਪੂਜਾ, ਮਾਤਾ ਪੂਜਾ ਤੇ ਪੀਰ ਫਕੀਰਾਂ ਦੀਆਂ ਕਬਰਾਂ ਤੇ ਮੱਥਾ ਟੇਕਣ ਦਾ ਵਿਰੋਧ ਕਰਦੇ ਸਨ। ਇਹਨਾਂ ਗੱਲਾਂ ਦਾ ਵਿਰੋਧ ਕਰਨ ਕਰਕੇ ਕਈ ਵਾਰ ਪ੍ਰਸ਼ਾਸਨ ਕੋਲ ਉਹਨਾਂ ਦੀਆਂ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਪਰ ਇਹਨਾਂ ਸ਼ਿਕਾਇਤਾਂ ਦੀ ਉਹਨਾਂ ਕਦੇ ਪਰਵਾਹ ਨਹੀਂ ਕੀਤੀ ਤੇ ਸਮਾਜ ਵਿਚੋਂ ਇਹਨਾਂ ਬੁਰਾਈਆਂ ਨੂੰ ਖਤਮ ਕਰਨ ਦਾ ਆਪਣਾ ਸੰਘਰਸ਼ ਜਾਰੀ ਰੱਖਿਆ।

ਕੂਕਾ ਲਹਿਰ ਬਾਰੇ ਵੱਖ ਵੱਖ ਸ਼ਖਸੀਅਤਾਂ ਨੇ ਆਪਣੇ ਵਿਚਾਰ ਇਸ ਪ੍ਰਕਾਰ ਦਿੱਤੇ ਹਨ:-

(1) ਇਨਸਾਈਕਲੋ ਪੀਡੀਆ ਬ੍ਰੀਤਾਨਿਕਾ ਐੱਡ, 1902 ਵਿਚ ਨਾਮਧਾਰੀਆਂ ਬਾਰੇ ਨਿਮਨ-ਲਿਖਤ ਅਨੁਸਾਰ ਲਿਖਿਆ ਗਿਆ ਹੈ:-

(ੳ) ਕੂਕਾ ਕਦੀ ਵੀ ਝੂਠ ਨਹੀਂ ਬੋਲਦਾ।
(ਅ) ਕੂਕਾ ਕਦੀ ਵੀ ਸ਼ਰਾਬ ਨਹੀਂ ਪੀਂਦਾ।
(ੲ) ਕੂਕਾ ਗੁਰੂ ਗੋਬਿੰਦ ਸਿੰਘ ਜੀ ਦਾ ਪੱਕਾ ਸਿੱਖ ਹੈ।
(ਸ) ਕੂਕਾ ਅੰਗਰੇਜ਼ਾਂ ਦਾ ਕਦੀ ਵਫ਼ਾਦਾਰ ਨਹੀਂ ਹੋ ਸਕਦਾ।

(2) ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਆਪਣੇ ਇਕ ਲੇਖ 'ਮਹਾਨ ਕੂਕਾ ਲਹਿਰ' ਵਿਚ ਇਸ ਤਰ੍ਹਾਂ ਲਿਖਦੇ ਹਨ:- ''ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਖਿਲਾਫ 'ਨਾ-ਮਿਲਵਰਤਨ ਤੇ ਨਾ-ਸਿਵਲ ਫੁਰਮਾਨੀ' ਦੀ ਲਹਿਰ ਚਲਾਈ, ਜਿਹੜੀ ਕਿ ਬਾਅਦ ਵਿਚ ਮਹਾਤਮਾ ਗਾਂਧੀ ਜੀ ਨੇ 1920 ਵਿਚ ਅਪਣਾਈ। ਬਾਬਾ ਰਾਮ ਸਿੰਘ ਜੀ ਦੀ ਇਹ ਲਹਿਰ ਮਹਾਤਮਾ ਗਾਂਧੀ ਜੀ ਦੀ 'ਨਾ-ਮਿਲਵਰਤਨ ਤੇ ਨਾ-ਸਿਵਲ ਫਰਮਾਨੀ' ਲਹਿਰ ਨਾਲੋਂ ਕਿਤੇ ਵੱਧ ਮਹਾਨਤਾ ਰੱਖਦੀ ਹੈ।''

(3) ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਜੀ ਕਹਿੰਦੇ ਹਨ ਕਿ, ''ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਬਾਬਾ ਰਾਮ ਸਿੰਘ ਜੀ ਨੇ ਸਿੱਖ ਗੁਰੂ ਸਾਹਿਬਾਨ ਦੀ ਸ਼ਕਤੀ ਨੂੰ ਸਿੱਖਾਂ ਵਿਚ ਇਸ ਤਰ੍ਹਾਂ ਸੰਗਠਿਤ ਕੀਤਾ ਕਿ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਕਰਕੇ ਸਾਨੂੰ ਦੇਸ਼ ਪਿਆਰ ਦਾ ਪਾਠ ਪੜ੍ਹਾਇਆ।''

(4) ਭਾਈ ਪਰਮਾਨੰਦ ਜੀ ਅਨੁਸਾਰ:- ਜੇ ਹਰ ਬੰਦਾ ਅੰਗਰੇਜ਼ਾਂ ਦਾ ਸਾਥ ਛੱਡ ਦੇਵੇ ਤਾਂ ਉਹਨਾਂ ਦਾ ਰਾਜ ਬਹੁਤ ਜਲਦੀ ਖਤਮ ਹੋ ਜਾਵੇਗਾ। ਇਹੋ ਭਾਵਨਾ ਬਾਬਾ ਰਾਮ ਸਿੰਘ ਜੀ ਨੇ ਭਾਰਤ ਵਾਸੀਆਂ ਵਿਚ ਭਰੀ।

(5) ਪੰਡਤ ਜਵਾਹਰ ਲਾਲ ਨਹਿਰੂ ਜੀ ਅਨੁਸਾਰ- ''ਸਤਿਯੁਗ ਵਿਚ, ਬਾਬਾ ਰਾਮ ਸਿੰਘ ਜੀ ਨੇ ਭਾਰਤ ਮਾਤਾ ਨੂੰ ਆਜ਼ਾਦ ਕਰ-ਾਉਣ ਲਈ ਇਕ ਬਹੁਤ ਹੀ ਸ਼ਾਨਦਾਰ ਕੰਮ ਕੀਤਾ, ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਕਾਂਗਰਸ ਨੇ ਵੀ ਬਾਬਾ ਰਾਮ ਸਿੰਘ ਜੀ ਦੇ ਮਾਰਗ ਦਰਸ਼ਨ ਤੇ ਚਲਦਿਆਂ ਹੀ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਸਫਲਤਾ ਪ੍ਰਾਪਤ ਕੀਤੀ।''

(6) ਮਸ਼ਹੂਰ ਪੱਤਰਕਾਰ ਸਰਦਾਰ ਖੁਸ਼ਵੰਤ ਸਿੰਘ ਜੀ ਅਨੁਸਾਰ- ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿਚ ਨਾਮਧਾਰੀ ਸਿੱਖਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹ ਇਸਦੇ ਸੰਸਥਾਪਕ ਤੇ ਪਿਤਾ ਕਹੇ ਜਾ ਸਕਦੇ ਹਨ, ਜਿਹਨਾਂ ਨੇ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਤੇ ਸਿਵਲ ਨਾ-ਫੁਰਮਾਨੀ ਕਰਕੇ ਸਵਦੇਸ਼ੀ ਅਤੇ ਰਾਜਨੀਤਿਕ ਹਥਿਆਰ ਵਜੋਂ ਵਰਤਿਆ।''

(7) ਸਰ ਹੈਨਰੀ ਕਾਟਨ ਆਪਣੀ ਪੁਸਤਕ 'ਇੰਡੀਅਨ ਐਂਡ ਹੋਮ ਮੈਮੋਰੀਜ਼ 'ਚ ਪੰਨਾ ਨੰਬਰ 112 ਤੇ ਲਿਖਦੇ ਹਨ, ''ਮੈਂ ਭਾਰਤ 'ਚ ਆਪਣੀ ਨੌਕਰੀ ਦੇ ਦੌਰਾਨ ਕੁਝ ਵੀ ਨਹੀਂ ਕਰ ਸਕਿਆ। ਇਹ ਨਾਮਧਾਰੀ ਸਿੱਖਾਂ ਦਾ ਅੰਗਰੇਜ਼ ਸਰਕਾਰ ਦੇ ਖਿਲਾਫ ਬਹੁਤ ਜ਼ਬਰਦਸਤ ਵਿਰੋਧ ਸੀ, ਜਿਹੜਾ ਕਿ ਉਸ ਸਮੇਂ ਦੇ ਇਕ ਕੱਟੜ ਨਿਆਂਇਕ ਜੱਜ ਦੇ ਖਿਲਾਫ ਲੋਕਾਂ ਦਾ ਰੋਹ, ਅੰਗਰੇਜ਼ਾਂ ਸਰਕਾਰ ਖਿਲਾਫ ਆਜ਼ਾਦੀ ਲਈ ਇਕ ਫੈਸਲਾਕੁੰਨ ਫਤਵਾ ਸੀ ਤੇ ਮੈਨੂੰ ਵੱਡੀ ਗਿਣਤੀ ਵਿਚ ਹੋਏ ਲੋਕਾਂ ਦੇ ਕਤਲ ਦਾ ਬਹੁਤ ਦੁੱਖ ਹੋਇਆ ਸੀ ਤੇ ਮੇਰੀ ਪੂਰੀ ਹਮਦਰਦੀ ਸਮੁੱਚੇ ਭਾਰਤੀਆਂ ਲਈ ਸੀ।''

(8) ''ਨਾਮਧਾਰੀਆਂ ਦੀਆਂ ਦੇਸ ਲਈ ਦਿੱਤੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ ਕਈਆਂ ਨੇ ਤਾਂ ਇੱਥੋਂ ਤੱਕ ਵੀ ਕਿਹਾ ਕਿ ਯੂਰਪ ਵਿਚ ਇਕ 'ਈਸਾ' ਸੂਲੀ ਤੇ ਚੜ੍ਹਿਆ ਸੀ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ। ਇੱਥੇ ਤਾਂ ਨਾਮਧਾਰੀਆਂ ਨੇ 'ਈਸਾ' ਵਾਂਗ ਹੀ ਹੱਸ-ਹੱਸ ਕੇ ਸ਼ਹੀਦੀਆਂ ਦਿੱਤੀਆਂ, ਸੋ ਇਹਨਾਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ।''

1849 ਵਿਚ 'ਖਾਲਸਾ ਰਾਜ' ਬਿਲਕੁਲ ਖਤਮ ਹੋ ਗਿਆ ਤੇ ਸਾਰਾ ਪੰਜਾਬ ਅੰਗਰੇਜ਼ ਸਰਕਾਰ ਦੇ ਅਧੀਨ ਆ ਗਿਆ। ਪੰਜਾਬ ਤੇ ਕਬਜ਼ਾ ਕਰਨ ਉਪਰੰਤ ਇਹਨਾਂ ਦੀ ਹੁਣ ਇਹ ਇੱਛਾ ਸੀ ਕਿ ਪੰਜਾਬ ਦਾ ਇਸਾਈਕਰਨ ਕੀਤਾ ਜਾਵੇ। ਇਸ ਮੰਤਵ ਦੀ ਪੂਰਤੀ ਲਈ ਉਹਨਾਂ ਨੇ ਲੁਧਿਆਣਾ ਵਿਖੇ ਜਿੱਥੇ ਅੱਜਕਲ੍ਹ 'ਕ੍ਰਿਸਚੀਅਨ ਮੈਡੀਕਲ ਕਾਲਜ ਤੇ ਹਸਪਤਾਲ ਹੈ', ਵਿਖੇ 'ਕ੍ਰਿਸਚੀਅਨ ਮਿਸ਼ਨ' ਦੀ ਸਥਾਪਨਾ ਕੀਤੀ। ਇਹ ਪੰਜਾਬ ਵਿਚ ਇਸਾਈ ਧਰਮ ਦੇ ਪ੍ਰਚਾਰ ਲਈ ਪਹਿਲਾ ਕੇਂਦਰ ਹੈ। ਇਸ ਦੀ ਸਥਾਪਨਾ ਉਪਰੰਤ ਪੰਜਾਬ ਦੇ ਤਿੰਨੋ ਧਰਮਾਂ ਹਿੰਦੂ, ਸਿੱਖ ਤੇ ਮੁਸਲਮਾਨ ਨੂੰ ਖਤਰਾ ਪੈਦਾ ਹੋ ਗਿਆ ਕਿ ਸਾਡੇ ਧਰਮਾਂ ਦੇ ਲੋਕ ਕਿਤੇ ਇਸਾਈ ਨਾ ਬਣ ਜਾਣ। ਆਪਣੇ-ਆਪਣੇ ਧਰਮਾਂ ਦਾ ਇਸਾਈਕਰਨ ਹੋਣ ਤੋਂ ਬਚਾਉਣ ਲਈ ਇਹ ਲਹਿਰਾਂ ਹੋਂਦ ਵਿਚ ਆਈਆਂ। ਹਿੰਦੂ ਧਰਮ ਦੇ ਲੋਕਾਂ ਨੂੰ ਇਸਾਈ ਬਣਨ ਤੋਂ ਰੋਕਣ ਲਈ 'ਬ੍ਰਹਮੋ ਸਮਾਜ' ਤੇ 'ਆਰੀਆ ਸਮਾਜ' ਸਥਾਪਤ ਹੋਇਆ। ਮੁਸਲਮਾਨ ਧਰਮ ਨੂੰ ਇਸਾਈਕਰਨ ਹੋਣ ਤੋਂ ਰੋਕਣ ਲਈ 'ਮੁਸਲਿਮ ਲੀਗ' ਹੋਂਦ ਵਿਚ ਆਈ ਤੇ ਸਿੱਖ ਧਰਮ ਦਾ ਇਸਾਈਕਰਨ ਨਾ ਹੋ ਜਾਏ, ਇਸ ਦੇ ਬਚਾਅ ਲਈ 'ਨਾਮਧਾਰੀ/ ਕੂਕਾ ਲਹਿਰ', 'ਰਾਧਾ ਸੁਆਮੀ ਲਹਿਰ', 'ਨਿਰੰਕਾਰੀ ਲਹਿਰ' ਤੇ 'ਸਿੰਘ ਸਭਾ ਲਹਿਰ' ਅਤੇ 'ਆਦਿ ਧਰਮ ਮੰਡਲ ਪੰਜਾਬ' ਦੀ ਲਹਿਰ ਹੋਂਦ ਵਿਚ ਆਈਆਂ ਤੇ ਇਹਨਾਂ ਸਾਰੀਆਂ ਹੀ ਉਕਤ ਲਹਿਰਾਂ ਨੇ ਕਾਫੀ ਹੱਦ ਤੱਕ ਪੰਜਾਬ ਦੇ ਲੋਕਾਂ ਦਾ ਇਸਾਈਕਰਨ ਹੋਣ ਤੋਂ ਉਹਨਾਂ ਨੂੰ ਬਚਾਇਆ। ਇਹਨਾਂ ਉਕਤ ਲਹਿਰਾਂ ਨੇ ਆਪਣੇ ਮੂਲ ਧਰਮ ਤੋਂ ਕੁਝ ਗੱਲਾਂ ਅੱਡ ਕਰਕੇ ਇਕ ਅਲੱਗ 'ਸੰਸਥਾ' ਬਣਾ ਲਈ, ਜਿੱਥੇ ਇਹਨਾਂ ਦੇ ਆਰੰਭ ਤੋਂ ਅੱਜ ਤੱਕ 'ਗੁਰਗੱਦੀ' ਦੀ ਪ੍ਰੰਪਰਾ ਚਲੀ ਆ ਰਹੀ ਹੈ।
(ਹਵਾਲਾ ਡਾ: ਮਹਿੰਦਰਪਾਲ ਕੋਹਲੀ, 'ਇਸਾਈਅਤ ਦਾ ਪੰਜਾਬ ਦੇ ਧਰਮਾਂ ਤੇ ਪ੍ਰਭਾਵ')

ਅੱਜ ਦੇ ਸਮੇਂ ਦੀ ਰਾਜਨੀਤਿਕ ਸੋਚ ਵਿਚ ਇਸ ਨਾਮਧਾਰੀ/ ਕੂਕਾ ਲਹਿਰ ਦੀ ਭਾਰਤ ਦੀ ਆਜ਼ਾਦ ਲਈ, ਗਊ ਹੱਤਿਆ ਬੰਦ ਕਰਾਉਣ ਲਈ ਅਤੇ ਸਮਾਜਿਕ ਸੁਧਾਰਾਂ ਲਈ ਕੀਤੀਆਂ ਗਈਆਂ ਕੁਰਬਾਨੀਆਂ ਤੇ ਲੜਾਈ ਨੂੰ, ਭਾਰਤ ਦੀ 'ਮੁੱਖ ਧਾਰਾ' ਵਿਚੋਂ ਅੱਜ ਤੱਕ ਅਣਗੌਲਿਆਂ ਰੱਖਿਆ ਗਿਆ ਹੈ। ਆਜ਼ਾਦੀ ਤੋਂ ਬਾਅਦ ਭਾਰਤ ਤੇ ਲੰਮਾ ਸਮਾਂ ਰਾਜ ਕਰਨ ਵਾਲੀ ਸਰਕਾਰ ਤੇ ਖੱਬੇ ਪੱਖੀ ਵਰਗ ਨੇ ਇਸ ਲਹਿਰ ਵੱਲ ਪਿੱਠ ਕਰ ਰੱਖੀ ਹੈ। ਮੁਸਲਮਾਨ ਰਾਜਨੀਤਿਕ ਲੋਕਾਂ ਦੀ ਇਸ ਕੂਕਾ ਲਹਿਰ ਨਾਲ ਕੋਈ ਹਮਦਰਦੀ ਨਹੀਂ ਹੈ ਤੇ ਨਾ ਹੀ ਉਹਨਾਂ ਦੀ ਇਸ ਲਹਿਰ ਦੀ ਸਥਾਪਨਾ ਤੋਂ ਅੱਜ ਤੱਕ, ਬਾਰੇ ਕੋਈ ਵਿਚਾਰਧਾਰਾ ਹੈ। ਇਹ ਹੋਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਸਿੱਖ ਧਰਮ ਦੀ ਸਰਵ-ਉਚ ਸੰਸਥਾ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਤੇ 'ਅਕਾਲੀ ਦਲ' ਨੇ ਵੀ ਇਸ ਲਹਿਰ ਨੂੰ ਅਣਗੌਲਿਆ ਕਰ ਰੱਖਿਆ ਹੈ, ਜਦੋਂ ਕਿ ਨਾਮਧਾਰੀ ਕੂਕਾ ਲਹਿਰ ਸਿੱਖ ਧਰਮ ਦਾ ਹੀ ਇਕ ਉਪ-ਵਰਗ' ਹੈ। ਪੰਜਾਬੀ ਕਿਸਾਨ ਭਰਾਵਾਂ ਲਈ 'ਗਊ ਤੇ ਬਲਦ' ਬਹੁਤ ਹੀ ਮਹੱਤਵਪੂਰਨ ਇਕ ਘਰੇਲੂ ਮੈਂਬਰਾਂ ਦੀ ਤਰ੍ਹਾਂ ਹੈ। ਪੰਜਾਬੀ ਕਿਸਾਨ ਪਰਿਵਾਰ ਗਊ ਤੇ ਇਸ ਦੇ ਦੁੱਧ ਤੋਂ ਬਿਨਾਂ ਸੱਖਣੇ ਨਹੀਂ ਰਹਿ ਸਕਦੇ। ਪੰਜਾਬੀ ਸਭਿਆਚਾਰ ਵਿਚ 'ਬਲਦ' ਦੀ ਵੀ ਬੜੀ ਮਹੱਤਤਾ ਹੈ। ਪੰਜਾਬ ਦਾ ਇਹ ਪਸ਼ੂ ਧੰਨ ਕਿਸਾਨ ਭਰਾਵਾਂ ਲਈ ਇਕ ਵਡਮੁੱਲੀ ਚੀਜ਼ ਹੈ। ਇਸ 'ਪਸ਼ੂ ਧੰਨ ਦੀ ਤਾਕਤ' ਵੱਲ ਉਚੇਚਾ ਧਿਆਨ ਕਰਦਿਆਂ ਤੇ ਕੂਕਾ ਲਹਿਰ ਜਿਹੜੀ ਕਿ ਆਪਣੇ ਸਮੇਂ ਦੀ ਇਕ ਰਾਸ਼ਟਰੀ ਲਹਿਰ ਸੀ, ਨੂੰ ਅਣਗੌਲਿਆਂ ਨਾ ਕਰਦਿਆਂ 'ਭਾਰਤ ਦੀ ਮੁੱਖ ਧਾਰਾ' ਵਿਚ ਲਿਆਉਣ ਦੀ ਸਿਰਤੋੜ ਕੋਸ਼ਿਸ਼ ਕਰਨ ਦੀ ਲੋੜ ਹੈ। ਇਹ ਵੀ ਬੜੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਹਿੰਦੂ ਵਰਗ ਵੀ ਇਸ ਗਊ ਹੱਤਿਆ ਨੂੰ ਰੋਕਣ ਲਈ, ਇਸ 'ਕੂਕਾ ਲਹਿਰ' ਦੀ ਕੁਰਬਾਨੀ ਪ੍ਰਤੀ ਅਸੰਵੇਦਨਸ਼ੀਲ ਹੈ, ਭਾਵੇਂ ਇਸ ਦੇ ਪਿੱਛੇ ਕੋਈ ਸਥਾਨਕ ਕਾਰਨ ਹੋਵੇ, ਜਾਤੀ ਸਮਾਜਿਕ ਨਾ-ਬਰਾਬਰੀ ਹੋਵੇ ਤੇ ਭਾਵੇਂ ਕੋਈ ਭਾਵਨਾਤਮਕ ਕਾਰਨ ਹੋਵੇ, ਉਸ ਦਾ ਕੋਈ ਯੋਗ ਇਲਾਜ ਕਰਨਾ ਚਾਹੀਦਾ ਹੈ। ਜੇਕਰ ਸਮੁੱਚਾ ਭਾਰਤੀ ਭਾਈਚਾਰਾ ਤੇ ਸਮਾਜ 'ਗਊ-ਹੱਤਿਆ' ਦੇ ਵਿਰੋਧ ਕਰਨ ਦੀ ਇਸ 'ਕੂਕਾ ਲਹਿਰ' ਨਾਲ ਜੁੜ ਜਾਏ ਤਾਂ ਇਹ ਕੌਮੀਅਤ ਲਈ, ਇਕ ਵੱਡਾ ਕਦਮ ਸਾਬਤ ਹੋ ਸਕਦਾ ਹੈ। ਭਾਰਤ ਦੇ ਇਤਿਹਾਸ ਦਾ ਪੁਨਰਾਂਕਨ ਕਰਕੇ ਇਸ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ ਜੋ ਕਿ ਭਾਰਤੀ ਸਮਾਜ ਲਈ ਬਹੁਤ ਹੀ ਲਾਭਦਾਇਕ ਸਾਬਤ ਹੋ ਸਕਦਾ ਹੈ। ਇਸ ਲਹਿਰ ਨਾਲ ਜੁੜੀਆਂ ਮਹਾਨ ਸ਼ਖਸੀਅਤਾਂ ਦੇ ਹਰ ਸਾਲ ਸ਼ਹੀਦੀ ਦਿਨ ਮਨਾ ਕੇ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਇਹ ਭਾਰਤ ਦੀ ਨਵੀਂ ਪੀੜ੍ਹੀ ਲਈ ਬੜੀ ਉਤਸ਼ਾਹਜਨਕ ਤੇ ਨਵਾਂ ਸਮਾਜ ਸਿਰਜਣ ਵਿਚ ਕਾਰਗਰ ਸਾਬਤ ਹੋ ਸਕਦੀ ਹੈ। ਇਹ ਬੜੇ ਫਖਰ ਤੇ ਮਾਣ ਵਾਲੀ ਗੱਲ ਹੈ ਕਿ ਸਿੱਖ ਇਤਿਹਾਸ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਨਾਮਧਾਰੀ ਇਤਿਹਾਸ ਵੀ ਇਕ ਮਹਾਨ ਕੁਰਬਾਨੀਆਂ ਦਾ ਇਤਿਹਾਸ ਹੈ। ਭਾਰਤ ਆਜ਼ਾਦ ਹੋਣ ਤੋਂ ਬਾਅਦ ਕੂਕਿਆਂ ਦੀਆਂ ਕੁਰਬਾਨੀਆਂ ਨੂੰ ਸਦਾ ਅਮਰ ਬਣਾਉਣ ਲਈ ਅੱਜ ਵੀ 66 ਫੁੱਟ ਉੱਚਾ ਖੰਡਾ, ਉਸ ਗਰਾਊਂਡ ਵਿਚ ਸੁਸ਼ੋਭਿਤ ਹੈ ਜੋ ਕਿ ਇਹਨਾਂ ਨਾਮਧਾਰੀ ਸਿੰਘਾਂ ਦੀ ਸ਼ਹੀਦੀ ਨੂੰ ਯਾਦ ਕਰਵਾਉਂਦਾ ਹੈ। ਇਸ ਖੰਡੇ ਵਿਚ 66 ਸੁਰਾਖ ਹਨ ਜੋ ਗੋਲੀਆਂ ਦੇ ਨਿਸ਼ਾਨਾਂ ਦੇ ਪ੍ਰਮਾਣ ਹਨ। ਇਸ ਤੇ ਕੁਝ ਛੋਟੇ ਤੇ ਕੁਝ ਵੱਡੇ ਸੁਰਾਖ ਹਨ, ਜੋ ਛੋਟੇ ਸੁਰਾਖ ਬੱਚਿਆਂ ਤੇ ਵੱਡੇ ਸੁਰਾਖ ਬਾਲਗਾਂ ਦੇ 1872 ਵਿਚ ਲੱਗੀਆਂ ਗੋਲੀਆਂ ਦੇ ਸੂਚਕ ਹਨ, ਜਿਹਨਾਂ ਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ। ਅੱਜ ਸਰਕਾਰਾਂ ਤੇ ਦੇਸ਼ ਦੇ ਸਭ ਵਰਗਾਂ ਨੂੰ ਇਸ ਨੂੰ ਭਾਰਤ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਕਾਫੀ ਕੰਮ ਕਰਨ ਦੀ ਲੋੜ ਹੈ। ਨਾਮਧਾਰੀ ਲਹਿਰ ਦਾ ਇਤਿਹਾਸ ਅਜੇ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਨਹੀਂ ਆਇਆ ਹੈ। ਕਿਸੇ ਨੇ ਇਸ ਨੂੰ ਵਡਿਆਈ ਵਾਲਾ ਸਾਹਸ ਤੇ ਅਹਿਮੀਅਤ ਨਹੀਂ ਦਿੱਤੀ। ਜੇਕਰ ਕੂਕਿਆਂ ਨੇ ਆਪਣੇ ਸੁਆਰਥ ਲਈ ਕੁਰਬਾਨੀਆਂ ਦਿੱਤੀਆਂ ਹੋਣ ਤਾਂ ਅਸੀਂ ਇਸ ਨੂੰ ਅਣਗੌਲਿਆਂ ਕਰ ਸਕਦੇ ਹਾਂ ਪਰ ਉਹਨਾਂ ਵਿਚ ਦੇਸ਼ ਪ੍ਰੇਮ ਤਾਂ ਠਾਠਾਂ ਮਾਰਦਾ ਸੀ। ਉਹ ਤੋਪਾਂ ਦੇ ਸਾਹਮਣੇ ਵੀ ਹੱਸ-ਹੱਸ ਕੇ 'ਬੋਲੇ ਸੋ ਨਿਹਾਲ ਤੇ ਵਾਹਿਗੁਰੂ-ਵਾਹਿਗੁਰੂ' ਦਾ ਜਾਪ ਕਰਦਿਆਂ ਅਸਮਾਨ ਗੂੰਜਾਊ ਜੈਕਾਰਿਆਂ ਨਾਲ ਜ਼ਮੀਨ-ਅਸਮਾਨ ਇਕ ਕਰ ਦਿੰਦੇ ਸਨ। ਉਹਨਾਂ ਦੇ ਮੂੰਹ ਤੇ ਉਦਾਸੀ ਜਾਂ ਖੌਫ ਜ਼ਰਾ ਵੀ ਨਜ਼ਰ ਨਹੀਂ ਆਉਂਦਾ ਸੀ। ਕੀ ਅਸੀਂ ਇਸ ਤਰ੍ਹਾਂ ਦੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਭੁੱਲ ਕੇ ਉਹਨਾਂ ਨਾਲ ਬੇਇਨਸਾਫੀ ਤਾਂ ਨਹੀਂ ਕਰ ਰਹੇ। ਅੱਜ ਦੇਸ਼ ਨੂੰ ਭ੍ਰਿਸ਼ਟ ਨੇਤਾਵਾਂ ਤੇ ਸਾਧ ਬਾਬਿਆਂ ਨੇ ਚੂਸ ਲਿਆ ਹੈ। ਇਹਨਾਂ ਲੋਕਾਂ ਕਰਕੇ ਇਸ ਲਹਿਰ ਦੇ ਮਹਾਨ ਸ਼ਹੀਦਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਇਹਨਾਂ ਸ਼ਹੀਦਾਂ ਦੀਆਂ ਰੂਹਾਂ ਤੇ ਆਤਮਾ ਪੁਕਾਰ-ਪੁਕਾਰ ਕੇ ਆਖ ਰਹੀਆਂ ਹਨ:-

ਵਤਨ ਕੋ ਫਿਰ ਕਹੀ ਗਿਰਵੀ ਨਾ,
ਰੱਖ ਦੇਨਾ, ਐ ਵਤਨ ਵਾਲੋ।
ਸ਼ਹੀਦੋਂ ਨੇ ਬੜੀ ਮੁਸ਼ਕਿਲ ਸੇ ਯੇ ਵਤਨ,
ਸੰਵਾਰਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਹਾਨ ਰੈਣਿ ਸਵਾਈ ਕੀਰਤਨ ਦਰਬਾਰ

ਯੂਬਾ ਸਿਟੀ- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਭੰਡਾਲ ਕੰਸਟ੍ਰਕਸ਼ਜ਼ ਵੱਲੋਂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 638ਵੇਂ ਆਗਮਨ ਪੁਰਬ ਦੀ ਖੁਸ਼ੀ ਵਿਚ ਮਹਾਨ ਰੈਣਿ ਸੁਵਾਈ ਕੀਰਤਨ ਦਰਬਾਰ 2 ਫਰਵਰੀ ਨੂੰ 2015 ਸਾਮ 6 ਤੋਂ ਰਾਤ 12-30 ਵਜੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀ ਜਥੇ, ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਭਾਈ ਤਾਰਾ ਸਿੰਘ ਜੀ ਨਾਨਕ ਮੱਤੇ ਵਾਲੇ, ਭਾਈ ਅਜਮੇਰ ਸਿੰਘ ਰੋਜ਼ਵਿਲ ਵਾਲੇ, ਭਾਈ ਫਤਿਹ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਬਲਜੀਤ ਸਿੰਘ ਨਰੋਬੀ ਵਾਲੇ, ਗੁਰਨਾਮ ਸਿੰਘ ਭੰਡਾਲ ਤੇ ਨਾਭੇ ਵਾਲੀਆਂ ਬੀਬੀਆਂ ਦਾ ਜਥਾ, ਭਾਈ ਬਲਵੀਰ ਸਿੰਘ ਕਥਾਵਾਚਕ, ਭਾਈ ਜਸਵਿੰਦਰ ਸਿੰਘ ਲਕਸ਼ੀਹਾ ਵਾਲੇ, ਭਾਈ ਭਜਨ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਸਾਰੀ ਸੇਵਾ ਭੰਡਾਲ ਕੰਸਟ੍ਰਕਟਰਜ਼ ਗੁਰਨਾਮ ਸਿੰਘ ਭੰਡਾਲ ਵੱਲੋਂ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ 530-723-3823, ਹੈਡ ਗ੍ਰੰਥੀ 530-674-2564, ਗੁਰਨਾਮ ਸਿੰਘ ਭੰਡਾਲ 530-218-4468, ਭੰਡਾਲ ਕੰਸਟ੍ਰਕਸਨ 530-301-2518 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਨਾਲ ਸੁਖਾਵੇਂ ਰਿਸ਼ਤੇ ਚਾਹੁੰਦਾ ਹੈ ਪਾਕਿ: ਸ਼ਰੀਫ਼



ਇਸਲਾਮਾਬਾਦ- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਭਾਰਤ ਨੂੰ ਮਹੱਤਵਪੂਰਨ ਗੁਆਂਢੀ ਆਖਦਿਆਂ ਕਿਹਾ ਹੈ ਕਿ ਉਹ ਭਾਰਤ ਨਾਲ ਆਮ ਰਿਸ਼ਤੇ ਚਾਹੁੰਦੇ ਹਨ। ਭਾਰਤ 'ਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁੱਲ ਬਾਸਿਤ ਨਾਲ ਮੁਲਾਕਾਤ ਦੌਰਾਨ ਸ੍ਰੀ ਸ਼ਰੀਫ਼ ਨੇ ਕਿਹਾ ਕਿ ਭਾਰਤ ਨਾਲ ਅਸੀਂ ਦੁਵੱਲੇ ਸਤਿਕਾਰ ਅਤੇ ਪ੍ਰਭੂਤਾ ਬਰਾਬਰੀ ਦੇ ਆਧਾਰ 'ਤੇ ਚੰਗੇ ਸਬੰਧ ਕਾਇਮ ਕਰਨਾ ਚਾਹੁੰਦੇ ਹਾਂ।

ਸਰਕਾਰੀ ਬਿਆਨ ਮੁਤਾਬਕ ਸ੍ਰੀ ਬਾਸਿਤ ਨੇ ਪਾਕਿਸਤਾਨ ਅਤੇ ਭਾਰਤ ਦੇ ਰਿਸ਼ਤਿਆਂ ਬਾਰੇ ਰੌਸ਼ਨੀ ਪਾਈ। ਬਿਆਨ 'ਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨੇ ਖਿੱਤੇ ਦੇ ਸਾਰੇ ਮੁਲਕਾਂ ਨਾਲ ਚੰਗੇ ਗੁਆਂਢੀਆਂ ਵਾਲੇ ਰਿਸ਼ਤੇ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਜੰਮੂ-ਕਸ਼ਮੀਰ ਸਮੇਤ ਸਾਰੇ ਮਸਲਿਆਂ ਨੂੰ ਹੱਲ ਕਰਨ ਤਾਂ ਜੋ ਖਿੱਤੇ 'ਚ ਪੱਕੀ ਸ਼ਾਂਤੀ ਹੋ ਸਕੇ। ਭਾਰਤ ਨੇ ਪਿਛਲੇ ਸਾਲ ਅਗਸਤ 'ਚ ਕਸ਼ਮੀਰੀ ਵੱਖਵਾਦੀਆਂ ਅਤੇ ਸ੍ਰੀ ਬਾਸਿਤ ਦੀ ਗੱਲਬਾਤ ਤੋਂ ਬਾਅਦ ਇਸਲਾਮਾਬਾਦ 'ਚ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਨੂੰ ਰੱਦ ਕਰ ਦਿੱਤਾ ਸੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਦੇ ਬੈਠੇ ਜੱਥੇਦਾਰ ਸੂਰਤ ਸਿੰਘ ਖਾਲਸਾ ਦੀ ਭੁੱਖ ਹੜਤਾਲ 14 ਵੇਂ ਦਿਨ 'ਚ ਦਾਖਲ

## ਬੰਦੀ ਸਿੰਘਾਂ ਦੀ ਹੋਵੇਗੀ ਰਿਹਾਈ ਜਾਂ ਹੋਵੇਗੀ ਮੇਰੀ ਸ਼ਹੀਦੀ-ਸੂਰਤ ਸਿੰਘ ਖਾਲਸਾ

ਮੁੱਲਾਂਪੁਰ ਦਾਖਾ- ਸਿੱਖ ਕੌਮ ਬਹਾਦਰ ਯੋਧਿਆਂ ਦੀ ਕੌਮ ਹੈ ਜਿਸ ਨੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਕਈ ਜੰਗਾਂ ਲੜੀਆਂ ਅਤੇ ਜਿੱਤਈਆਂ ਹਨ ਭਾਂਵੇ ਇਸ ਲਈ ਭਾਰੀ ਕੁਰਬਾਨੀਆਂ ਵੀ ਕਰਨੀਆਂ ਪਈਆਂ। ਮੌਜੂਦਾ ਸਮੇਂ 'ਚ ਵੀ ਸਿੱਖ ਕੌਮ ਨਾਲ ਦੇਸ਼ ਦੇ ਹਾਕਮਾਂ ਵੱਲੋਂ ਇੱਕ ਹੋਰ ਧੱਕੇਸ਼ਾਹੀ ਸਜਾ ਪੂਰੀ ਕਰ ਚੁੱਕੇ ਫਿਰ ਵੀ ਜੇਲ ਵਿੱਚ ਨਜਰਬੰਦ ਸਿੱਖ ਕੈਦੀਆਂ ਦੀ ਰਿਹਾਈ ਨਾ ਕਰਨ ਦੇ ਰੂਪ 'ਚ ਕੀਤੀ ਜਾ ਰਹੀ ਹੈ ਜਿਸ ਲਈ ਪਿਛਲੇ ਦਿਨੀ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਕਈ ਦਿਨ ਭੁੱਖ ਹੜਤਾਲ ਰਾਹੀ ਕੌਮ ਨੂੰ ਜਾਗਰੂਕ ਕੀਤਾ। ਪ੍ਰੰਤੂ ਕਿਸੇ ਵੀ ਨਤੀਜੇ ਤੋਂ ਪਹਿਲਾਂ ਉਨ੍ਹਾਂ ਵੱਲੋਂ ਭੁੱਖ ਹੜਤਾਲ ਖਤਮ ਕਰ ਦਿੱਤੀ ਗਈ ਜਿਸ ਤੋਂ ਬਾਅਦ ਪੰਜ ਸਿੰਘਾਂ ਤੋਂ ਆਗਿਆ ਲੈ ਕੇ 82 ਸਾਲਾਂ ਟਕਸਾਲੀ ਸੂਰਤ ਸਿੰਘ ਖਾਲਸਾ ਨੇ ਉਕਤ ਭਾਂਬੜ ਦੀ ਚਿੰਗੀਆੜੀ ਮੱਘਦੀ ਰੱਖਣ ਲਈ ਆਪਣੇ ਘਰ ਵਿੱਚ ਹੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ ਜਿਹੜੀ ਕਿ ਅੱਜ ਬਾਰਵੇ ਦਿਨ ਵਿੱਚ ਦਾਖਲ ਹੋ ਗਈ ਹੈ।



ਆਪਣੇ ਘਰ ਵਿੱਚ ਹੀ ਪੁਲਿਸ ਪ੍ਰਸ਼ਾਸਨ ਵਲੋਂ ਨਜਰ ਬੰਦ ਕਰਕੇ ਰੱਖੇ ਗਏ ਸੂਰਤ ਸਿੰਘ ਖਾਲਸਾ ਅਜੇ ਵੀ ਚੜਦੀ ਕਲਾਂ ਵਿੱਚ ਨਜਰ ਆ ਰਹੇ ਹਨ ਅਤੇ ਆਪਣੇ ਵਲੋਂ ਕੀਤੇ ਐਲਾਨ ਤੇ ਕਾਇਮ ਸੂਰਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਭਾਈ ਗੁਰਬਖਸ ਸਿੰਘ ਖਾਲਸਾ ਚਾਹੇ ਕਿਸੇ ਮਜਬੂਰੀ ਵੱਸ ਆਪਣੀ ਭੁੱਖ ਹੜਤਾਲ ਨੂੰ ਖਤਮ ਕਰ ਗਿਆ ਹੈ ਪਰ ਗੁਰੂ ਅੱਗੇ ਕੀਤੀ ਅਰਦਾਸ ਤੋਂ ਬਾਅਦ ਚਾਹੇ ਉਸ ਦੀ ਜਾਨ ਚਲੀ ਜਾਵੇ ਪਰ ਉਹ ਆਪਣੀ ਭੁੱਖ ਹੜਤਾਲ ਨੂੰ ਜਾਰੀ ਰੱਖਣਗੇ। ਉਨ੍ਹਾਂ ਅੱਜ ਆਪਣੇ ਨਿਵਾਸ ਅਸਥਾਨ ਪਿੰਡ ਹਸਨਪੁਰ ਵਿਖੇ ਪੱਤਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆਂ ਕਿ ਜਾਂ ਤਾਂ ਜੇਲਾਂ 'ਚ ਬੰਦ ਸਜਾ ਪੂਰੀ ਕਰ ਚੁੱਕੇ ਸਿੰਘ ਰਿਹਾਅ ਹੋਣਗੇ ਜਾਂ ਫਿਰ ਉਨ੍ਹਾਂ ਦੀ ਸ਼ਹੀਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਉਹ ਆਪਣੀ ਮੌਤ ਨੂੰ ਹੋਰਾਂ ਕੌਮ ਦੇ ਸ਼ਹੀਦਾਂ ਵਾਂਗ ਯਾਦਗਾਰੀ ਬਣਾਉਣਾ ਚਾਹੁੰਦੇ ਹਨ ਕਿਉ ਕਿ ਉਹ ਧਰਮ ਅਤੇ ਅਸੂਲਾਂ ਨੂੰ ਜਿੰਦਗੀ ਨਾਲੋਂ ਵੱਧ ਪਿਆਰ ਕਰਦੇ ਹਨ।ਉਨ੍ਹਾਂ ਕਿਹਾ ਕਿ ਮੇਰਾ ਇਹ ਸੰਘਰਸ਼ ਪਰਿਵਾਰਕ ਨਹੀ ਸਗੋਂ ਪੰਥਕ ਸੰਘਰਸ਼ ਹੈ ਜਿਸ ਲਈ ਦਮਦਮੀ ਟਕਸਾਲ ਅਤੇ ਹੋਰ ਪੰਥਕ ਜੱਥੇਬੰਦੀਆਂ ਨੂੰ ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਅੱਜ ਜੱਥੇਦਾਰ ਸੂਰਤ ਸਿੰਘ ਖਾਲਸਾ ਦੇ ਘਰ ਉਨਾਂ ਦੀ ਸਿਹਤ ਦਾ ਹਾਲ ਚਾਲ ਪੁਛਣ ਲਈ ਸਿੱਖ ਚਿੰਤਕ ਅਤੇ ਪਹਿਰੇਦਾਰ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ, ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਸਾਹਿਬ ਦੇ ਜਿਲ੍ਹਾ ਪ੍ਰਧਾਨ ਜਸਵੰਤ ਸਿੰਘ ਚੀਮਾ, ਬਲਵਿੰਦਰ ਸਿੰਘ ਜਿਲ੍ਹਾ ਜਰਨਲ ਸਕੱਤਰ, ਬੂਟਾ ਸਿੰਘ ਰਣਸੀਹ ਅਕਾਲੀ ਦਲ 1920, ਜਤਿੰਦਰ ਸਿੰਘ ਈਸੜੂ ਯੂਨਾਇਟਡ ਅਕਾਲੀ ਦਲ, ਪ੍ਰਿੰਸੀਪਲ ਭੁਪਿੰਦਰ ਸਿੰਘ ਮੁੱਲਾਂਪੁਰ,ਜਸਵਿੰਦਰ ਸਿੰਘ ਮੰਡਿਆਣੀ, ਯੂਨਾ: ਅਕਾਲੀ ਦਲ ਦੇ ਜਿਲ੍ਹਾ ਜਲੰਧਰ ਦੇ ਪ੍ਰਧਾਨ ਕੁਲਵੰਤ ਸਿੰਘ ਢਿੱਲੋਂ, ਹਰਮਿੰਦਰ ਸਿੰਘ ਰਸੂਲਲੜਾ, ਬਲਵਿੰਦਰ ਸਿੰਘ ਸ਼ਾਹਕੋਟ, ਕੇਵਲ ਸਿੰਘ ਸੁਲਾਤਾਨਪੁਰ, ਜੁਗਿੰਦਰ ਸਿੰਘ ਸੁਲਤਾਨਪੁਰ, ਕਮਿੱਕਰ ਸਿੰਘ, ਜਸਵੀਰ ਸਿੰਘ ਹੇਰਾਂ, ਸਰਵਰਿੰਦਰ ਕੌਰ (ਬੇਟੀ ਸੂਰਤ ਸਿੰਘ ਖਾਲਸਾ), ਸੋਹਣ ਸਿੰਘ, ਦਲਜੀਤ ਸਿੰਘ ਵਿਸ਼ੇਸ ਤੋਰ ਤੇ ਪੁਹਚੇ। ਦੱਸਣਯੋਗ ਹੈ ਕਿ ਜੱਥੇਦਾਰ ਸੂਰਤ ਸਿੰਘ ਖਾਲਸਾ ਨੇ ਭਾਈ ਗੁਰਬਖਸ ਸਿੰਘ ਖਾਲਸਾ ਦੇ ਨਾਲ ਹੀ ਗੁਰਦਵਾਰਾ ਸ੍ਰੀ ਅੰਬ ਸਾਹਿਬ ਤੋਂ ਭੁੱਖ ਹੜਤਾਲ ਤੇ ਬੈਠਣ ਦਾ ਐਲਾਨ ਕੀਤਾ ਸੀ ਪਰ ਉਸ ਸਮੇਂ ਭਾਈ ਗੁਰਬਖਸ ਸਿੰਘ ਖਾਲਸਾ ਨੇ ਸੂਰਤ ਸਿੰਘ ਖਾਲਸਾ ਨੂੰ ਭੁੱਖ ਹੜਤਾਲ ਤੇ ਨਾਲ ਬੈਠਣ ਦੀ ਆਗਿਆ ਨਹੀ ਦਿਤੀ ਸੀ ਅਤੇ ਉਸ ਸਮੇਂ ਹੀ ਭਾਈ ਸੂਰਤ ਸਿੰਘ ਖਾਲਸਾ ਨੇ ਐਲਾਨ ਕੀਤਾ ਸੀ ਕਿ ਜੇਕਰ ਭਾਈ ਗੁਰਬਖਸ ਸਿੰਘ ਕਿਸੇ ਕਾਰਨ ਭੁੱਖ ਹੜਤਾਲ ਖਤਮ ਕਰ ਦਿੰਦੇ ਹਨ ਤਾਂ ਉਸੇ ਦਿਨ ਤੋਂ ਉਹ ਖ਼ੁੱਦ ਭੁੱਖ ਹੜਤਾਲ ਤੇ ਬੈਠ ਜਾਣਗੇ ਅਤੇ ਜਿਸ ਦਿਨ ਭਾਈ ਖਾਲਸਾ ਨੇ ਭੁੱਖ ਹੜਤਾਲ ਕਿਸੇ ਮਜਬੂਰੀ ਵਿੱਚ ਖਤਮ ਕੀਤੀ ਸੀ ਉਸ ਦਿਨ ਹੀ ਸੂਰਤ ਸਿੰਘ ਖਾਲਸਾ ਭੁੱਖ ਹੜਤਾਲ ਤੇ ਬੈਠ ਗਏ ਸਨ।ਉਕਤ ਆਗੂਆਂ ਦੱਸਿਆਂ ਕਿ ਪੰਜਾਬ ਸਰਕਾਰ ਦੇ ਅਦੇਸ਼ਾਂ ਅਨੁਸਾਰ ਹੀ ਭਾਈ ਖਾਲਸਾ ਦੇ ਪਿੰਡ ਨੂੰ ਪੁਲਿਸ ਛਾਉਣੀ ਵਿੱਚ ਤਬਦੀਲ ਕੀਤਾ ਹੋਇਆ ਹੈ ਤਾਂ ਕਿ ਜੱਥੇਦਾਰ ਖਾਲਸਾ ਨਾਲ ਕੋਈ ਪਿੰਡ ਵਾਸੀ ਜਾਂ ਬਾਹਰੀ ਸਿੱਖ ਜੱਥੇਬੰਦੀ ਤਾਲਮੇਲ ਨਾ ਕਰ ਸਕੇ।ਉਨਾਂ ਕਿਹਾ ਕਿ ਅਕਾਲੀ ਦਲ ਮਾਨ ਅਤੇ ਵੱਖ ਵੱਖ ਸਿੱਖ ਜੱਥੇਬੰਦੀਆ ਵੱਲੋਂ ਜੱਥੇਦਾਰ ਖਾਲਸਾ ਦੀ ਭੁੱਖ ਹੜਤਾਲ ਦਾ ਪੂਰਾ ਸਮਰਥਨ ਕੀਤਾ ਜਾਂ ਰਿਹਾ ਹੈ ਅਤੇ ਜਲਦੀ ਹੀ ਇਸ ਮੁੱਦੇ ਤੇ ਸੰਘਰਸ਼ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਜੱਥੇਦਾਰ ਖਾਲਸਾ ਨੂੰ ਸਾਝੀ ਜਗ੍ਹਾ ਤੇ ਭੁੱਖ ਹੜਤਾਲ ਲਈ ਬਿਠਾਇਆ ਜਾਵੇਗਾ ਤਾਂ ਜੋ ਇਸ ਬਿਰਧ ਜੱਥੇਦਾਰ ਵੱਲੋਂ ਕੋਮ ਦੀ ਖਾਤਰ ਕੀਤੇ ਜਾਂ ਰਹੇ ਸੰਘਰਸ਼ ਸਬੰਧੀ ਆਮ ਸਿੱਖ ਸੰਗਤ ਨੂੰ ਵੀ ਪਤਾ ਲੱਗ ਸਕੇ ਅਤੇ ਸਰਕਾਰ ਦੀ ਇਸ ਗੈਰ ਕਾਨੂੰਨੀ ਨਜਰਬੰਦੀ ਦੇ ਖਿਲਾਫ ਸਿੱਖ ਜੱਥੇਬੰਦੀਆ ਨੂੰ ਅਵਾਜ ਬੁੰਦਲ ਕਰਨੀ ਚਾਹੀਦੀ ਹੈ








# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ**
**28 ਫਰਵਰੀ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ**
**ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ 2015 ਐਤਵਾਰ, ਸਵੇਰੇ 9.30 ਵਜੇ**

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।


**ਹੋਰ ਜਾਣਕਾਰੀ ਲਈ ਸੰਪਰਕ ਕਰੋ** — **ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ**

## 559-486-3091 ਸਮੂਹ ਪ੍ਰਬੰਧਕ ਕਮੇਟੀ

## Shri Guru Ravidass Sabha (CV) Fresno (California)
## 5025 S. Cherry Ave., Fresno (California) 93706

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 22, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਹਰਮੇਸ਼ ਲਾਲ ਮਦਾਰਾ
ਚੇਅਰਮੈਨ
510-386-1702

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
510-219-5672

ਮਹਿੰਦਰ ਸਿੰਘ ਮਾਹੀ
ਪ੍ਰਧਾਨ
408-643-9052

ਜਨਰਲ ਸਕੱਤਰ
ਸੰਤੋਖ ਸਿੰਘ ਸਰੋਇਆ
408-509-9697

ਖਜਾਨਚੀ
ਸ਼ਿਵ ਸਿੱਧੂ
510-386-2715

ਰਾਜਿੰਦਰ ਝੰਮਟ
510-600-2136

ਅਜਾਇਬ ਸਿੰਘ
510-676-8970


ਕੇਵਲ ਸਿੰਘ
510-299-6418

ਸੋਹਣ ਲਾਲ
510-552-6107

## Shri Guru Ravidass Sabha (Bay Area) California (USA)
## 31252 Veasy Street Union City California, 94587

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ





ਸ੍ਰੀ ਗੁਰੂ ਰਵਿਦਾਸ ਜੀ

ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ 15 ਫਰਵਰੀ 2015 (ਐਤਵਾਰ) ਨੂੰ ਮਨਾਇਆ ਜਾਵੇਗਾ। ਅਖੰਡ ਪਾਠ ਸਾਹਿਬ 13 ਫਰਵਰੀ (ਦਿਨ ਸੁਕਰਵਾਰ) ਨੂੰ ਸਵੇਰੇ 11 ਵਜੇ ਆਰੰਭ ਹੋਣਗੇ। ਨਿਸ਼ਾਨ ਸਾਹਿਬ ਦੀ ਸੇਵਾ 14 ਫਰਵਰੀ ਦਿਨ ਸ਼ਨੀਵਾਰ ਨੂੰ 11 ਵਜੇ। ਭੋਗ ਸ੍ਰੀ ਅਖੰਡ ਪਾਠ ਸਾਹਿਬ 15 ਫਰਵਰੀ, 2015 (ਐਤਵਾਰ) ਨੂੰ ਪਾਏ ਜਾਣਗੇ

**ਗੁਰੂ ਘਰ ਦਾ ਸਥਾਪਨਾ ਦਿਵਸ 15 ਮਾਰਚ, 2015, ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧਤ ਅਖੰਡ ਪਾਠ ਸਾਹਿਬ 13 ਮਾਰਚ ਨੂੰ ਸਵੇਰੇ11 ਵਜੇ ਆਰੰਭ ਕੀਤੇ ਜਾਣਗੇ।**

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638 ਵੇਂ ਪ੍ਰਕਾਸ਼ ਦਿਹਾੜੇ ਦੇ ਮੌਕੇ 2 ਫਰਵਰੀ (ਦਿਨ ਸੋਮਵਾਰ) ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤੀਂ 12.30 ਵਜੇ ਤੱਕ ਰੈਣਿ ਸੁਵਾਈ ਕੀਰਤਨ ਦਰਬਾਰ ਸਜਾਇਆ ਜਾਵੇਗਾ।**

**ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਭਾਈ ਪ੍ਰਿਤਪਾਲ ਸਿੰਘ ਜੀ ਨਾਲ 530-674-2564 ਸੰਪਰਕ ਕੀਤਾ ਜਾ ਸਕਦਾ ਹੈ**

ਗੁਰੂ ਘਰ ਦੀ ਡਿਵੈਲਪਮੈਂਟ ਲਈ ਜਾਣਕਾਰੀ ਵਾਸਤੇ ਸੰਪਰਕ ਕਰੋ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823

ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508

ਰਾਮ ਸੇਵਕ ਭਾਟੀਆ (ਕੈਸ਼ੀਅਰ)
530-701-4370

ਪਾਰਕਿੰਗ ਲਾਟ ਦੇ ਲਈ ਸੰਪਰਕ ਕਰੋ

**SHRI GURU RAVIDASS TEMPLE**

**1480 HAYNE AVENUE, YUBA CITY, CA 95993**

## ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ



ਅਵਤਾਰ ਸਿੰਘ ਬੈਂਸ ਆਪਣੀ ਸੁਪਤਨੀ ਦੇਬੋ ਬੈਂਸ ਦੇ ਨਾਲ

ਆਓ ਆਪਾਂ ਸਾਰੇ ਰਲ- ਮਿਲ ਕੇ ਪਿਟਸਬਰਗ ਗੁਰੂ ਘਰ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਦੇਬੋ ਬੈਂਸ

**ਸਾਬਕਾ ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ**





ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਯੂਬਾ ਸਿਟੀ ਵਿਖੇ 15 ਫਰਵਰੀ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਆਓ ਸਾਰੇ ਰਲ-ਮਿਲ ਕੇ ਗੁਰੂ ਘਰ ਵਿਖੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਵਿਚ ਹਾਜਰੀਆਂ ਲਗਵਾ ਕੇ ਗੁਰੂ ਦੀਆਂ ਜੀ ਖੁਸ਼ੀਆਂ ਪ੍ਰਾਪਤ ਕਰੀਏ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638 ਵੇਂ ਪ੍ਰਕਾਸ਼ ਦਿਹਾੜੇ ਦੇ ਮੌਕੇ 2 ਫਰਵਰੀ ਦਿਨ ਸੋਮਵਾਰ ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤ 12.30 ਵਜੇ ਤੱਕ ਰੈਣਿ ਸਬਾਈ ਕੀਰਤਨ ਦਰਬਾਰ ਸਜਾਇਆ ਜਾਵੇਗਾ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸਜਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਵਿਚ ਹਾਜਰੀ ਲਗਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਪਰਸ਼ੋਤਮ ਸੂਦ

## ਚੇਅਰਮੈਨ



## (530) 845-4508

# Shri Guru Ravidass Temple Yuba City, California




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਨਵੀਂ ਇਮਾਰਤ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਮੂਹ ਬੰਗਾ ਪਰਿਵਾਰ ਵੱਲੋਂ

## ਲੱਖ ਲੱਖ ਵਧਾਈਆਂ

ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ।



ਮਹਿੰਦਰ ਸਿੰਘ ਬੰਗਾ (ਖੱਬੇ) ਆਪਣੀ ਸੁਪਤਨੀ ਨਾਲ ਹਰਦਿਆਲ ਸਿੰਘ ਬੰਗਾ (ਸੱਜੇ) ਆਪਣੀ ਸੁਪਤਨੀ ਨਾਲ

# H & S CONSTRUCTION

## Hardi Banga GENERAL CONTRACTOR

1824 Santa Rita Dr.
Pittsburg, CA 94565

Ph 925-458-2196

Fax 925-261-1891, Cell 925-584-0727

# ਐਸੀ ਲਾਲ ਤੁਝ ਬਿਨ ਕਾਉਨ ਕਰੈ।। ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ

ਬੱਚੇ ਅਮੋਲਪ੍ਰੀਤ ਅਤੇ ਬ੍ਰਹਮਨੂਰ ਨੂੰ ਪਹਿਲੇ ਜਨਮ ਦਿਨ 'ਤੇ ਸਮੂਹ ਭਾਟੀਆ ਪਰਿਵਾਰ ਨੂੰ ਲੱਖ ਲੱਖ ਵਧਾਈਆਂ। ਦੋਵੇਂ ਬੱਚਿਆਂ ਅਮੋਲਪ੍ਰੀਤ ਅਤੇ ਬ੍ਰਹਮਨੂਰ ਦਾ ਜਨਮ ਦਿਨ ਸਮੂਹ ਭਾਟੀਆ ਪਰਿਵਾਰ ਵੱਲੋਂ ਬੀਤੀ 25 ਅਤੇ 26 ਅਕਤੂਬਰ ਨੂੰ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਰਖਵਾਏ ਗਏ ਅਤੇ ਭੋਗ 25 ਅਕਤੂਬਰ 2014 ਨੂੰ ਪਾਏ ਗਏ। ਜਨਮ ਦਿਨ ਦੀ ਪਾਰਟੀ 26 ਅਕਤੂਬਰ 2014 ਨੂੰ ਹੋਈ, ਜਿਸ ਵਿਚ ਸਾਰੇ ਭਾਟੀਆ ਪਰਿਵਾਰ ਸਮੇਤ ਰਿਸ਼ਤੇਦਾਰਾਂ, ਦੋਸਤਾਂ ਅਤੇ ਸੱਜਣ-ਮਿੱਤਰਾਂ ਨੇ ਸ਼ਾਮਲ ਹੋ ਕੇ ਦੋਵੇਂ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ।

















ਦਾਦਾ ਜੀ ਸ੍ਰੀ ਬਖਸ਼ੀ ਰਾਮ, ਦਾਦੀ ਜੀ ਧੰਨ ਕੌਰ (ਸਵਰਗਵਾਸੀ), ਨਾਨਾ ਜੀ ਸ: ਚਰਨ ਸਿੰਘ, ਨਾਨੀ ਜੀ ਸਰਦਾਰਨੀ ਗੁਰਦੀਪ ਕੌਰ, ਪਿਤਾ ਜੀ ਸ੍ਰੀ ਰਾਮ ਸੇਵਕ ਭਾਟੀਆ, ਮਾਤਾ ਸੰਧਿਆ ਕਮਲ ਭਾਟੀਆ, ਚਾਚਾ ਜੀ ਰਾਮਗੋਪਾਲ ਭਾਟੀਆ, ਚਾਚੀ ਜੀ ਰਵਿੰਦਰ ਕੌਰ ਭਾਟੀਆ, ਰਾਜ ਕੁਮਾਰ ਭਾਟੀਆ, ਅਮਰਜੀਤ ਕੌਰ ਭਾਟੀਆ, ਰਾਮ ਪ੍ਰਸ਼ਾਦ ਭਾਟੀਆ, ਮੋਨਿਕਾ ਭਾਟੀਆ, ਰਾਮ ਮੂਰਤੀ ਭਾਟੀਆ, ਹਰਮਿੰਦਰ ਭਾਟੀਆ ਵੱਲੋਂ ਬੱਚਿਆਂ ਨੂੰ ਭਰਪੂਰ ਪਿਆਰ।

# ਸਮੂਹ ਭਾਟੀਆ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 638ਵਾਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ














# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**ਸਮੂਹ ਬਾਲੀ ਪਰਿਵਾਰ**

## ਕਸ਼ਮੀਰ ਬਾਲੀ, ਤਰਸੇਮ ਕੌਰ ਬਾਲੀ, ਹਰਜੋਤ ਕੌਰ ਬਾਲੀ ਤੇ ਬਲਵਿੰਦਰ ਬਾਲੀ



ੴ ਸਤਿਗੁਰੂ ਪ੍ਰਸਾਦਿ।।
ਐਸੀ ਲਾਲ ਤੁਝ ਬਿਨ ਕਾਉਨ ਕਰੈ।।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।
-ਗੁਰੂ ਰਵਿਦਾਸ ਜੀ

## ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

**ਦਲਵਿੰਦਰ ਰੱਲ੍ਹ (ਕੈਸ਼ੀਅਰ)**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ



## ਦਲਵਿੰਦਰ ਰੱਲ੍ਹ ਅਤੇ ਸਮੂਹ ਪਰਿਵਾਰ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ
# ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ





## STAR EXPRESS TRUCKING INC




**Balbir Suman**

3530 Emma Ct., Yuba City, CA- 95993

# INDIA BAZAAR



Jai Ram Gaught

Harjit Gaught (Happy)

## Indian, Pakistani & Fijjian Groceries

**We are open 7 DAYS A WEEK TIME : 9:00 A.M. TO 8:30 P.M.**

**WE ACCEPT FOOD STAMPS**

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open
seven days
11 AM to 10 PM

Contact Us:

Ph. 510-885-1212
Fax. 510-885-1532

ੴ ਸਤਿਗੁਰ ਪ੍ਰਸਾਦਿ ॥

ੴ ਸੋਹੰ

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।



# ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ


## ਸਬੰਧੀ ਵਿਸ਼ੇਸ਼ ਸਮਾਗਮ

ਗੁਰੂ ਘਰ ਸ਼੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ
61-01 Broadway, Woodside NY 11377

## ਵਿਖੇ 27 ਜਨਵਰੀ ਤੋਂ 8 ਫਰਵਰੀ 2015 ਤੱਕ

**ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ ਹੋਵਣ**

ਰੱਬੀ ਰਾਹ ਨੂੰ ਭੁਲਕੇ ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਨਿਤ ਦਿਹਾੜੇ ਭੁੱਲੀ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਰੱਬ ਦੀ ਬਖਸ਼ਸ਼ ਵਿੱਚੋਂ ਗੁਰੂ ਜੋਤ ਸੰਸਾਰ ਅੰਦਰ ਇਨਸਾਨੀ ਜਾਮੇ ਵਿੱਚ ਪ੍ਰਗਟ ਹੁੰਦੀ ਹੈ ਜੋ 14ਵੀਂ ਸਦੀ ਵਿੱਚ ਬਨਾਰਸ ਦੀ ਧਰਤੀ ਉੱਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਦੇ ਘਰ ਸਤਿਕਾਰਯੋਗ ਮਾਤਾ ਕਲਸਾ ਜੀ ਦੀ ਕੁੱਖ ਤੋਂ ਪ੍ਰਗਟ ਹੋਈ। ਜਿਸ ਨੂੰ ਅੱਜ ਸਮੁੱਚਾ ਸੰਸਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਨਮਸਕਾਰ ਕਰਦਾ ਹੈ। ਇਹ ਭਟਕਦੀ ਲੋਕਾਈ ਕਿਵੇਂ ਰੱਬ ਦੇ ਦਰ ਉੱਤੇ ਪਰਵਾਨ ਹੋਵੇ ਉਸ ਲਈ ਸਤਿਗੁਰਾਂ ਨੇ ਇਲਾਹੀ ਬੋਲ ਇਸ ਸੰਸਾਰ ਦੀ ਝੋਲੀ ਵਿੱਚ ਪਾਏ। ਜਿਹੜੇ ਅੱਜ ਧੰਨ ਗੁਰੂ ਗ੍ਰੰਥ ਸਾਹਿਬ ਅੰਦਰ 16 ਰਾਗਾਂ ਵਿੱਚ 40 ਸ਼ਬਦ ਦਰਜ ਹਨ। ਮਨੁੱਖਤਾ ਉੱਤੇ ਮਹਾਨ ਪਰਉਪਕਾਰ ਕਰਨ ਵਾਲੇ ਮਹਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪਵਿੱਤਰ ਪ੍ਰਕਾਸ਼ ਪੁਰਬ 3 ਫਰਵਰੀ 2015 ਨੂੰ ਆ ਰਿਹਾ ਹੈ। ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਤਨ-ਮਨ-ਧਨ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚੜਦੀਕਲਾ ਵਿੱਚ ਮਨਾ ਰਹੀ ਹੈ।



ਗੁਰੂ ਪਿਆਰੀ ਸਾਧ-ਸੰਗਤ ਜੀਓ,

ਆਉ ਸਾਰੇ ਰਲ ਕੇ ਤਨ-ਮਨ-ਧੰਨ ਦੇ ਆਪਸੀ ਸਹਿਯੋਗ ਨਾਲ ਗੁਰੂ ਘਰ ਦੀ ਬਿਲਡਿੰਗ ਉਸਾਰੀ ਦੇ ਅਧੂਰੇ ਪਏ ਕਾਰਜਾਂ ਨੂੰ ਜਲਦੀ ਸ਼ੁਰੂ ਕਰਕੇ ਅੰਤਮ ਛੋਹਾਂ ਵੱਲ ਵਧਾਈਏ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਆਓ ਗੁਰੂ ਘਰ ਦੀ ਇਮਾਰਤ ਦੇ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਕੇ ਆਉਣ ਵਾਲੀ ਪੀੜ੍ਹੀ ਲਈ ਵਿਰਾਸਤ ਵਾਂਗ ਕਾਇਮ ਕਰੀਏ।

### ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ

27 ਜਨਵਰੀ ਤੋਂ 8 ਫਰਵਰੀ ਤੱਕ ਚੱਲਣ ਵਾਲੇ ਸਾਰੇ ਦੀਵਾਨਾਂ ਨੂੰ ਵਿਸ਼ੇਸ਼ ਰੰਗਤ ਦਿੱਤੀ ਗਈ ਹੈ ਜਿਸ ਵਿੱਚ ਪ੍ਰਭਾਤਫੇਰੀਆਂ ਕਵੀ ਦਰਬਾਰ ਹੋਵੇਗਾ, ਗੁਰੂ ਰਵਿਦਾਸ ਮਹਾਰਾਜ ਜੀ ਦੀ ਰਾਗਾਂ 'ਚ ਉਚਾਰੀ ਬਾਣੀ ਦੇ ਅਧਾਰ ਤੇ ਰਾਗ ਦਰਬਾਰ, ਕਥਾ ਦਰਬਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ।

27 ਜਨਵਰੀ ਤੋਂ 8 ਫਰਵਰੀ ਤੱਕ ਸ਼ਾਮ ਦੇ ਦੀਵਾਨ 7 ਤੋਂ 9 ਵਜੇ ਤੱਕ ਹੋਣਗੇ

2 ਫਰਵਰੀ ਦਿਨ ਸੋਮਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ।

ਪੂਰੇ 12 ਵਜੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।

1 ਫਰਵਰੀ ਦਿਨ ਐਤਵਾਰ ਦਾ ਦੀਵਾਨ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ

8 ਫਰਵਰੀ ਦਿਨ ਐਤਵਾਰ ਦਾ ਦੀਵਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ

### ਪਹੁੰਚ ਰਹੇ ਕੀਰਤਨੀ ਜਥੇ ਅਤੇ ਕਥਾ ਵਾਚਕ

- ਭਾਈ ਜਸਵੀਰ ਸਿੰਘ ਜੀ ਖਾਲਸਾ, ਸ਼੍ਰੀ ਅਮ੍ਰਿਤਸਰ ਵਾਲੇ
- ਭਾਈ ਮੁਖਤਿਆਰ ਸਿੰਘ ਜੀ, ਫਿਲਾਡਲਫੀਆ ਵਾਲੇ
- ਭਾਈ ਗੁਲਜਾਰ ਸਿੰਘ ਜੀ, ਕਨੇਡਾ ਵਾਲੇ
- ਭਾਈ ਜਗਪ੍ਰੀਤ ਸਿੰਘ ਜੀ, ਲੁਧਿਆਣਾ ਵਾਲੇ
- ਬੀਬੀ ਕਮਲਜੀਤ ਕੌਰ ਪਾਰਸ ਜੀ



ਭਾਈ ਜਸਵੀਰ ਸਿੰਘ ਜੀ ਖਾਲਸਾ ਸ਼੍ਰੀ ਅੰਮ੍ਰਿਤਸਰ ਵਾਲੇ



ਭਾਈ ਮੁਖਤਿਆਰ ਸਿੰਘ ਜੀ, ਫਿਲਾਡਲਫੀਆ ਵਾਲੇ



ਭਾਈ ਗੁਲਜਾਰ ਸਿੰਘ ਜੀ, ਕਨੇਡਾ ਵਾਲੇ



ਭਾਈ ਜਗਪ੍ਰੀਤ ਸਿੰਘ ਜੀ, ਲੁਧਿਆਣਾ ਵਾਲੇ



ਬੀਬੀ ਕਮਲਜੀਤ ਕੌਰ ਪਾਰਸ ਜੀ,

ਗੁਰੂ ਘਰ ਦੇ ਇਨ੍ਹਾਂ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ। ਬਲਦੇਵ ਝੱਲੀ BBC PUNJAB ਰੇਡੀਓ ਇਟਲੀ ਵਲੋਂ ਸਾਰੇ ਪ੍ਰੋਗਰਾਮਾਂ ਦੇ ਸਿੱਧੇ ਪ੍ਰਸਾਰਨ ਕੀਤੇ ਜਾਣਗੇ।

## ਤੀਸਰਾ ਮਹਾਨ ਨਗਰ ਕੀਰਤਨ

ਗੁਰੂ ਘਰ ਵਲੋਂ 11 ਜੁਲਾਈ 2015 ਦਿਨ ਸ਼ਨੀਵਾਰ ਨੂੰ ਕੱਢਿਆ ਜਾਵੇਗਾ।

ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕੇ ਲੰਗਰ ਅਟੁੱਟ ਵਰਤਣਗੇ।

## ਨਿਸ਼ਾਨ ਸਾਹਿਬ ਦੀ ਸੇਵਾ

8 ਫਰਵਰੀ 2015 ਦਿਨ ਐਤਵਾਰ, ਸਵੇਰੇ ਭੋਗ ਉਪਰੰਤ

**ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ**

ਗ੍ਰੰਥੀ: ਭਾਈ ਅਮਰਜੀਤ ਸਿੰਘ 718-213-8136, ਮੁੱਖ ਸੇਵਾਦਾਰ : ਸ. ਨਿਰਮਲ ਸਿੰਘ 347-538-8296,
ਚੇਅਰਮੈਨ : ਭੁਪਿੰਦਰ ਸਿੰਘ 718-450-7246, ਜਨਰਲ ਸਕੱਤਰ : ਓਮ ਪ੍ਰਕਾਸ਼ ਮਹਿਮੀ 347-824-1616, ਸਕੱਤਰ : ਚਰਨਜੀਤ ਸਿੰਘ ਝੱਲੀ 646-201-0197,
ਖਜ਼ਾਨਚੀ : ਰਾਮ ਲਾਲ ਬਾਲੂ 347-441-8974, ਪਬਲਿਕ ਰਿਲੇਸ਼ਨ ਸਕੱਤਰ: ਅਮਰਜੀਤ ਸਿੰਘ ਰਾਏ 212-464-8028

Aur Printers, KARYAM, Nawanshahr, Cell : 098726-55071

# ਇੰਡੀਅਨ ਕਮਿਉਨਿਟੀ ਸੈਂਟਰ ਮਿਲਪੀਟਸ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ

























ਤਸਵੀਰਾਂ - ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

ਚਾਹਲ, ਬੂਟਾ ਸਿੰਘ ਬਾਸੀ, ਪ੍ਰੇਮ ਕੁਮਾਰ ਚੁੰਬਰ, ਓ. ਪੀ. ਬਾਲੀ, ਡਾ. ਹਰਮੇਸ਼ ਕੁਮਾਰ, ਜੱਸੀ ਬੰਗਾ, ਸੰਤੋਖ ਸਿੰਘ ਜੱਜ, ਚਰਨ ਸਿੰਘ ਜੱਜ, ਸਤਨਾਮ ਚੁੰਬਰ, ਮਹਿੰਦਰ ਸਿੰਘ ਕੰਡਾ, ਤਾਰਾ ਸਿੰਘ ਸਾਗਰ, ਪਿਸ਼ੌਰਾ ਸਿੰਘ ਢਿਲੋਂ ਸਮੇਤ ਉਘੀਆਂ ਹਸਤੀਆਂ ਸ਼ਾਮਲ ਹੋਈਆਂ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਭਾਰਤ ਦੇ ਲੋਕਰਾਜੀ ਅਤੇ ਇਸ ਦੇ ਭਵਿੱਖ ਅਤੇ ਦਰਪੇਸ਼ ਚੁਣੌਤੀਆਂ ਬਾਰੇ ਵਿਸਥਾਰ ਵਿਚ ਤਕਰੀਰਾਂ ਕੀਤੀਆਂ। ਸ੍ਰੀ ਵੈਂਕਟੇਸ਼ਨ ਅਸ਼ੋਕ ਨੇ ਭਾਰੀ ਗਿਣਤੀ ਵਿਚ ਇਕੱਤਰ ਹੋਏ ਲੋਕਾਂ ਨੂੰ ਭਾਰਤ ਦੇ ਗਣਤੰਤਰ ਦਿਵਸ ਦੀ ਹਾਰਦਿਕ ਵਧਾਈ ਦਿੱਤੀ।


INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



The Threading queen
threading & HEENA TATTOOS

We accept EBT cards

Call for appointment
(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511

# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

## STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

**(916) 992-9004**

SMOG N TAG

(916) 334-7664
6421 Watt Ave.
North Highlands, CA 95660

$10.00 Off initial Smog Check
Restrictions Apply - See Store for Details

STAR Certified

# ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ ਤੇ ਡੀ. ਐਮ. ਵੀ. ਰਿਕਾਰਡ ਵਧੀਆ ਹੋਵੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-479-0242**

FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available
Variety of Sandwiches are also available
FREE WiFi




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!





Ram Gopal (916) 448-6239
200 "J" Street, Sacramento, CA 95814

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

# ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

## ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ **Equipment**
ਅਸੀਂ **PROTOOL, LOGIC** ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-242-3642**

Email:-
NEWZINDGI@GMAIL.COM

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ- ਇਕ ਵਿਲੱਖਣ ਸ਼ਖਸੀਅਤ

ਰੋਸ਼ਨ ਭਾਰਤੀ
98787-88900

ਜਾਨਵਰ ਜਨੌਰਾਂ ਤੋਂ ਵੀ ਵੱਧ ਮਾੜੀ ਹਾਲਤ ਵਿਚ ਆਪਣਾ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਅਛੂਤ ਕਿਹਾ ਜਾਂਦਾ ਸੀ, ਉਸ ਵੇਲੇ ਦੀ ਅਛੂਤ ਦੀ ਦਸ਼ਾ ਐਨੀ ਭਿਆਨਕ ਕਿ ਇਤਿਹਾਸ ਪੜ੍ਹਦੇ-ਪੜ੍ਹਦੇ ਰੌਂਗਟੇ ਸਰੀਰ ਦੇ ਖੜ੍ਹੇ ਹੋ ਜਾਂਦੇ ਹਨ, ਇਹ ਪੜ੍ਹ ਕੇ ਕਿ ਅਛੂਤ ਤੋਂ ਵੱਧ ਤੋਂ ਵੱਧ ਵਗਾਰ ਕਰਵਾਈ ਜਾਵੇ। ਵਗਾਰ ਕਰਵਾ ਕੇ ਕੀ ਅਛੂਤ ਨੂੰ ਖਾਣ ਨੂੰ ਜੋ ਕੁਦਰਤ ਨੇ ਅੰਨ ਦਿੱਤਾ ਹੈ। ਇਸ ਲਈ ਕਿ ਕੁਦਰਤ ਨੇ ਹਰ ਇਨਸਾਨ ਦੇ ਸਰੀਰ ਨਾਲ ਪੇਟ ਲਗਾਇਆ ਹੋਇਆ ਹੈ ਪਰ ਦੁੱਖ ਦੀ ਗੱਲ ਕਿ ਉਸ ਕੋਲੋਂ ਵਗਾਰ ਤਾਂ ਲੈ ਲਈ ਜਾਂਦੀ ਸੀ ਪਰ ਉਸ ਨੂੰ ਪੇਟ ਭਰਨ ਲਈ ਅੰਨ ਤੋਂ ਵੀ ਵਾਂਝਿਆਂ ਰੱਖਿਆ ਜਾਂਦਾ, ਕੁਦਰਤ ਨੇ ਮਨੁੱਖ ਅਤੇ ਮਨੁੱਖਤਾ ਵਾਸਤੇ ਹਵਾ ਦਾ ਪ੍ਰਬੰਧ ਕੀਤਾ ਕਿ ਮਨੁੱਖ ਖੁੱਲ੍ਹੀ ਹਵਾ ਵਿਚ ਸਾਹ ਲਵੇਗਾ ਪਰ ਧਰਮ ਦੇ ਠੇਕੇਦਾਰਾਂ ਨੇ ਆਪਣੀ ਮਾੜੀ ਸੋਚ ਅਤੇ ਜਗੀਰਦਾਰੀ ਸਿਸਟਮਾਂ, ਵਰਣ ਵਿਵਸਥਾ ਦੇ ਨਾਲ ਭਾਰਤ ਦੇਸ਼ ਦੇ ਅਸਲੀ ਆਦਿ ਵਾਸੀ ਲੋਕਾਂ ਨੂੰ 20ਵੀਂ ਸਦੀ ਵਿਚ ਵੀ ਅਛੂਤ, ਸ਼ੂਦਰ, ਨੀਚ ਆਦਿ ਦੇ ਮਾੜੇ ਨਾਵਾਂ ਅਤੇ ਛੱਪੜਾਂ ਅਤੇ ਪਿੰਡ ਦੇ ਢੇਰ ਦੇ ਕੋਲ ਰਹਿਣ ਲਈ ਮਜਬੂਰ ਕੀਤਾ, ਜਿੱਥੋਂ ਕਿ ਹਮੇਸ਼ਾ ਗੰਦੀ ਹਵਾ ਵੀ ਚਲਦੀ ਹੈ।

ਇੱਥੇ ਇਹ ਕਹਿ ਸਕਦੇ ਹਾਂ ਕਿ ਕੁਦਰਤ ਤੋਂ ਇਹ ਅਛੂਤ ਕਹੇ ਜਾਣ ਵਾਲੇ ਲੋਕਾਂ ਨਾਲ ਬੇਇਨਸਾਫੀ ਝੱਲੀ ਨਾ ਗਈ, ਕੁਦਰਤ ਨਹੀਂ ਚਾਹੁੰਦੀ ਸੀ ਕਿ ਇਨਸਾਨ ਦੂਸਰੇ ਇਨਸਾਨ ਨਾਲ ਜਾਨਵਰਾਂ ਵਾਲਾ ਵਿਹਾਰ ਕਰੇ।

ਇਹਨਾਂ ਹਾਲਾਤਾਂ ਵਿਚ ਹੀ ਭਾਰਤ ਦੇਸ਼ ਦੇ ਮਹਾਨ ਯੋਧੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਮੁੱਗੋਵਾਲ ਪਿੰਡ ਵਿਚ ਹੋਇਆ। ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਜੀ ਨੂੰ ਉਹਨਾਂ ਦੇ ਪਿਤਾ ਨੇ ਸਕੂਲ 'ਚ ਦਾਖਲ ਕਰਵਾਇਆ ਤਾਂ ਉਦੋਂ ਵੀ ਜਾਤ-ਪਾਤ, ਵਰਣ ਵਿਵਸਥਾ ਸਿਖਰ ਤੇ ਸੀ ਅਤੇ ਬਾਬੂ ਜੀ ਗਿਆਨ ਹਾਸਲ ਕਰਨਾ ਚਾਹੁੰਦੇ ਸਨ ਪਰ ਜਾਤ ਪਾਤ ਦਾ ਸਿਸਟਮ ਬਾਬੂ ਜੀ ਦੇ ਗਿਆਨ ਅੱਗੇ ਦੀਵਾਰ ਖੜ੍ਹੀ ਕਰ ਰਿਹਾ ਸੀ ਪਰ ਬਾਬੂ ਜੀ ਦੇ ਪਿਤਾ ਨੇ ਜਾਤ ਦੇ ਹੰਕਾਰੀਆਂ ਦਾ ਮੂੰਹ ਤੋੜ ਜਵਾਬ ਦਿੱਤਾ, ਜਿਸ ਦਾ ਨਾਂ ਬਚਪਨ ਦਾ ਮੰਗੂ ਰਾਮ ਸੀ, ਉਹ ਕੁਝ ਹੀ ਸਾਲਾਂ ਵਿਚ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ (ਆਦਿ ਧਰਮ ਮੰਡਲ ਦੇ ਬਾਨੀ) ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਅੱਜ ਪੂਰਾ ਵਿਸ਼ਵ ਉਹਨਾਂ ਦੀ ਜਨਮ ਸ਼ਤਾਬਦੀ ਮਨਾ ਰਿਹਾ ਹੈ। ਇਸ ਲਈ ਕਿ ਬਾਬੂ ਜੀ ਦੀ ਸੰਸਥਾ ਦਾ ਨਾਮ ਚਾਹੇ ਧਾਰਮਿਕ ਸੀ ਪਰ ਉਹਨਾਂ ਦਾ ਹੀ ਕੰਮ ਸੀ ਕਿ ਮੁੱਗੋਵਾਲ ਪਿੰਡ ਵਿਚ ਅਛੂਤ ਕਹੇ ਜਾਣ ਵਾਲੇ ਲੋਕਾਂ ਦੀ ਪਹਿਲੀ ਕਾਨਫਰੰਸ ਰੱਖ ਕੇ ਅਨੁਸੂਚਿਤ ਜਾਤੀ ਦੇ ਕਬੀਲੇ ਦੇ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕੀਤਾ, ਇਸ ਕਾਨਫਰੰਸ ਵਿਚ ਅਛੂਤ ਕਹੇ ਜਾਣ ਵਾਲੇ ਲੋਕ, ਵਾਲਮੀਕ, ਚਮਾਰ, ਸਾਂਸੀ, ਬਜੜੇ ਗੰਧੀਲੇ, ਮੇਘ ਮਹਾਸ਼ੇ, ਕਬੀਰ ਪੰਥੀ, ਰਾਮ ਜੱਟੀਏ ਨੇ ਆਪਣੇ ਵਿਚਾਰ ਰੱਖੇ। ਇਹ ਕਾਨਫਰੰਸ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਇਸ ਹੀ ਕਾਨਫਰੰਸ ਵਿਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਅਛੂਤ ਸ਼ਬਦ ਬੰਦ ਕਰਵਾਇਆ ਜਾਵੇਗਾ, ਅਸੀਂ ਸਾਰੇ ਜਿੰਨੇ ਵੀ ਲੋਕ ਅਤੇ ਲੋਕਾਂ ਦੇ ਨੁਮਾਇੰਦੇ ਇਸ ਕਾਨਫਰੰਸ ਵਿਚ ਪਹੁੰਚੇ ਹਨ।

ਇਹ ਅਛੂਤ ਨਹੀਂ ਹਨ, ਇਹ ਅਤੇ ਅਸੀਂ ਸਾਰੇ ਆਦਿ-ਧਰਮੀ ਹਾਂ ਤੇ ਸਾਡਾ ਧਰਮ ਆਦਿ ਧਰਮ ਹੈ। ਇਸ ਕਾਨਫਰੰਸ ਨੇ ਆਦਿ ਧਰਮ ਮੰਡਲ ਨੂੰ ਹੋਂਦ ਵਿਚ ਲਿਆਂਦਾ ਅਤੇ ਇਸ ਦਾ ਮੁੱਖ ਦਫ਼ਤਰ ''ਆਦਿ ਧਰਮ ਮੰਡਲ ਆਫ਼ ਪੰਜਾਬ, ਜਲੰਧਰ'' ਵਿਖੇ ਖੋਲ੍ਹਿਆ ਗਿਆ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕਾਂ ਵੱਲੋਂ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸਾਡੇ ਸਤਿਗੁਰੂ ਵਾਲਮੀਕ ਜੀ ਮਹਾਰਾਜ ਸਤਿਗੁਰੂ ਰਵਿਦਾਸ ਮਹਾਰਾਜ, ਸਤਿਗੁਰੂ ਕਬੀਰ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਣਾ ਸਾਡਾ ਪਹਿਲਾ ਮਕਸਦ ਹੋਵੇਗਾ ਅਤੇ ਇਹ ਵੀ ਐਲਾਨਿਆ ਗਿਆ ਕਿ ਅੱਜ ਤੋਂ ਕੋਈ ਅਛੂਤ ਨਹੀਂ ਹੋਵੇਗਾ, ਸਭ ਆਦਿ ਧਰਮੀ ਹੋਣਗੇ ਅਤੇ ਇਕ ਦੂਜੇ ਨੂੰ ਜੈ ਗੁਰਦੇਵ ਕਹਿਣਗੇ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਉਹਨਾਂ ਦੇ ਸਹਿਯੋਗੀ ਮਰਹੂਮ ਸੇਠ ਲੱਭੂ ਰਾਮ ਜੀ ਸੂਚੀ ਪਿੰਡ, ਬਖਸ਼ੀ ਰਾਮ ਜੀ, ਬਾਬੂ ਠਾਕਰ ਚੰਦ, ਮਾਲੀ ਰਾਮ ਪੰਜਾਬੀ, ਮਾਣਯੋਗ ਹਜ਼ਾਰਾ ਰਾਮ (ਸੇਠ ਕਿਸਨ ਦਾਸ), (ਬਾਬੂ ਗੰਗਾ ਰਾਮ ਰਾਜਗੜ) ਪਿੰਡ ਪਿਪਲਾਂਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਹਰਿ ਰਾਮ (ਪੰਡੋਰੀ ਬੀਬੀ ਜ਼ਿਲ੍ਹਾ ਹੁਸ਼ਿਆਰਪੁਰ ਆਦਿ ਵਰਗੇ ਯੋਧਿਆਂ ਨੇ ਅਛੂਤ ਕਹੇ ਜਾਣ ਵਾਲੇ ਲੋਕਾਂ ਨੂੰ ਇਨਸਾਨਾਂ ਦੀ ਕਤਾਰ ਵਿਚ ਲਿਆ ਖੜ੍ਹੇ ਕਰ ਦਿੱਤਾ। ਇਹ ਆਦਿ ਧਰਮੀ ਵੀਰਾਂ ਦੀ ਹਰ ਤਰ੍ਹਾਂ ਦੀ ਪ੍ਰਾਪਤੀ ਲਈ ਪਹਿਲੀ ਕ੍ਰਾਂਤੀ ਸੀ, ਇਸ ਆਦਿ ਧਰਮ ਮੰਡਲ ਦੀ ਮਹਾਨ ਕਾਰਗੁਜ਼ਾਰੀ ਦਾ ਸਿੱਟਾ ਨਿਕਲਿਆ ਕਿ 1931 ਦੀ ਮਰਦਮ ਸ਼ੁਮਾਰੀ ਵਿਚ ਉਹਨਾਂ ਨੇ ਆਪਣਾ ਧਰਮ ਆਦਿ ਧਰਮ ਲਿਖਾਉਣ ਦੀ ਖੁੱਲ੍ਹ ਮਿਲੀ ਤੇ ਸਾਡੇ ਭਰਾਵਾਂ ਤੇ ਭੈਣਾਂ ਨੇ ਆਦਿ ਧਰਮ ਲਿਖਵਾਇਆ।

ਸੰਨ 1932 ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਮਰਨ ਵਰਤ ਰੱਖਿਆ ਕਿ ਜੇ ਸਾਡੇ ਆਦਿ ਧਰਮੀ ਵੀਰਾਂ ਨੂੰ ਭਾਰਤ ਦੇ ਲੋਕਾਂ ਦੇ ਬਰਾਬਰ ਹੱਕ ਨਾ ਦਿੱਤੇ ਗਏ ਤਾਂ ਮੈਂ ਆਪਣੇ ਪ੍ਰਾਣ ਤਿਆਗ ਦੇਵਾਂਗਾ, ਪਰ ਫਿਰ ਵੀ ਵਰਣ ਵਿਵਸਥਾ ਦੇ ਹਾਵੀ ਹੁੰਦਿਆਂ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਆਦਿ ਧਰਮ ਮੰਡਲ ਦੇ ਰਹਿਬਰਾਂ ਕਰਕੇ ਅੱਜ ਲੋਕਤੰਤਰ ਰਾਜ ਇਹ ਲੋਕਤੰਤਰ ਦਾ ਨਿੱਘ ਮਾਣ ਰਹੇ ਹਾਂ, ਜਿਹਨਾਂ ਨੇ ਕਿ ਸਾਨੂੰ ਸਾਡੇ ਹੱਕ ਸਾਨੂੰ ਲੈ ਕੇ ਦਿੱਤੇ। ਇਤਿਹਾਸ ਤਾਂ ਬਹੁਤ ਲੰਮਾ ਹੈ ਪਰ ਥੋੜ੍ਹੇ ਸਮੇਂ ਅਤੇ ਕੁਝ ਪੇਜਾਂ 'ਚ ਬਿਆਨ ਨਹੀਂ ਕੀਤੀ ਜਾ ਸਕਦੀ ਆਦਿ ਧਰਮ ਦਾ ਇਤਿਹਾਸ ਅਮਰ ਹੈ ਅਤੇ ਰਹੇਗਾ। ਇਹ ਆਸ ਕਰਦਾ ਹਾਂ।

# ਬਸਪਾ ਵਿਚ 50 ਫੀਸਦੀ ਅਹੁਦੇ ਨੌਜਵਾਨ ਵਰਗ ਨੂੰ ਦਿੱਤੇ ਜਾਣਗੇ -ਕਸ਼ਯਪ

## ਐਸਸੀ, ਬੀਸੀ ਮੁਲਾਜਮਾਂ ਦੀਆਂ ਤਰੱਕੀਆਂ ਸਬੰਧੀ ਰੋਸਟਰ ਸਿਸਟਮ ਬਹਾਲ ਕੀਤਾ ਜਾਵੇ- ਕਰੀਮਪੁਰੀ

ਫਗਵਾੜਾ (ਬੀ ਕੇ ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਇਸਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਇੱਥੇ ਹਦੀਆਬਾਦ ਵਿਖੇ ਜਨ ਕਲਿਆਣ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਸਮਾਗਮ ਵਿਚ ਪਾਰਟੀ ਨੇਤਾਵਾਂ ਤੇ ਵਰਕਰਾਂ ਨੇ ਭੈਣ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਦੇ ਮੌਕੇ 'ਤੇ ਮੁਬਾਰਕਬਾਦ ਦਿੱਤੀ ਤੇ ਕੇਕ ਕੱਟਿਆ। ਇਸ ਤੋਂ ਇਲਾਵਾ ਗੁਰਦਾਸਪੁਰ ਵਿਚ ਆਪਰੇਸ਼ਨ ਕੈਂਪ ਵਿਚ ਅੱਖਾਂ ਦੀ ਰੌਸ਼ਨੀ ਗਵਾਉਣ ਵਾਲੇ ਪੀੜਤਾਂ ਨੂੰ ਆਰਥਿਕ ਮਦਦ ਵੀ ਦਿੱਤੀ ਗਈ। ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ ਤੇ ਇੰਚਾਰਜ ਪੰਜਾਬ ਸ੍ਰੀ ਨਰਿੰਦਰ ਕਸ਼ਯਪ ਸਮਾਗਮ ਵਿਚ ਮੁੱਖ ਮਹਿਮਾਨ ਸਨ ਜਦਕਿ ਇਸਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ। ਸਮਾਗਮ ਵਿਚ ਵਰਕਰਾਂ ਨੂੰ ਸੰਬੋਧਤ ਕਰਦਿਆਂ ਸ੍ਰੀ ਨਰਿੰਦਰ ਕਸ਼ਯਪ ਨੇ ਉਨ੍ਹਾਂ ਸਾਰਿਆਂ ਨੂੰ ਭੈਣ ਜੀ ਦੇ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ ਤੇ ਭੈਣ ਜੀ ਦੀ ਲੰਬੀ ਉਮਰ ਦੀ ਕਾਮਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਲੈ ਕੇ ਇਸ ਦੇਸ਼ ਵਿਚ ਦਲਿਤ ਪਛੜੇ ਵਰਗ ਤੇ ਗਰੀਬਾਂ ਦੀ ਮੁਕਤੀ ਦਾ ਜੋ ਅੰਦੋਲਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਸ਼ੁਰੂ ਕੀਤਾ ਸੀ, ਹੁਣ ਉਹ ਭੈਣ ਕੁਮਾਰੀ ਮਾਇਆਵਤੀ ਦੀ ਅਗਵਾਈ ਵਿਚ ਦੇਸ਼ ਵਿਚ ਅੱਗੇ ਵਧ ਰਿਹਾ ਹੈ। ਸ੍ਰੀ ਕਸ਼ਯਪ ਨੇ ਕਿਹਾ ਕਿ ਵਿਰੋਧੀਆਂ ਦੀਆਂ ਰੁਕਾਵਟਾਂ ਦੇ ਬਾਵਜੂਦ ਭੈਣ ਜੀ ਇਸ ਅੰਦੋਲਨ ਨੂੰ ਦੇਸ਼ ਦੇ ਕੋਨੇ ਕੋਨੇ ਤੱਕ ਲੈ ਜਾ ਰਹੇ ਹਨ। ਉਨ੍ਹਾਂ ਦੀ ਅਗਵਾਈ ਵਿਚ ਬਸਪਾ ਇਸ ਸਮੇਂ ਦੇਸ਼ ਦੀ ਤੀਜੀ ਵੱਡੀ ਤਾਕਤ ਹੈ। ਸ੍ਰੀ ਕਸ਼ਯਪ ਨੇ ਕਿਹਾ ਕਿ ਭੈਣ ਜੀ ਵਲੋਂ ਇਸ ਅੰਦੋਲਨ ਨੂੰ ਹੋਰ ਮਜਬੂਤ ਕਰਨ ਦੇ ਲਈ ਇਸ ਵਿਚ ਨੌਜਵਾਨ ਪੀੜੀ ਦੀ ਸ਼ਮੂਲੀਅਤ ਕਰਵਾਉਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਸਪਾ ਵਿਚ 50 ਫੀਸਦੀ ਅਹੁਦੇ ਨੌਜਵਾਨ ਵਰਗ ਨੂੰ ਦਿੱਤੇ ਜਾਣਗੇ। ਇਸ ਨੀਤੀ ਨੂੰ ਸੂਬਾ ਪੱਧਰ ਤੋਂ ਲੈ ਕੇ ਬੂਥ ਪੱਧਰ ਤੱਕ ਲਾਗੂ ਕੀਤਾ ਜਾਵੇਗਾ। ਔਰਤਾਂ ਨੂੰ ਵੀ ਵਿਸ਼ੇਸ਼ ਤੌਰ ਤੇ ਪਾਰਟੀ ਨਾਲ ਜੋੜਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭੈਣ ਜੀ ਦੀ ਜਨਮ ਦਿਨ ਦੇ ਮੌਕੇ 'ਤੇ ਪਾਰਟੀ ਵਲੋਂ ਸੂਬੇ ਵਿਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜੋ ਕਿ ਇਸ ਸਾਲ 31 ਮਾਰਚ ਤੱਕ ਚੱਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਬਸਪਾ ਵਲੋਂ ਨਗਰ ਕੌਂਸਲ ਤੇ ਨਗਰ ਨਿਗਮ ਦੀਆਂ ਚੋਣਾਂ ਪਾਰਟੀ ਚੋਣ ਚਿੰਨ 'ਤੇ ਲੜੀਆਂ ਜਾਣਗੀਆਂ। ਇਸਦੇ ਲਈ ਅਪਲੀਕੇਸ਼ਨ ਫਾਰਮ ਲੋਕਸਭਾ ਇੰਚਾਰਜ ਨੂੰ ਦੇ ਦਿੱਤੇ ਗਏ ਹਨ ਤੇ ਬਸਪਾ ਪੂਰੀ ਤਾਕਤ ਨਾਲ ਇਹ ਚੋਣਾਂ ਲੜੇਗੀ। ਇਸ ਮੌਕੇ 'ਤੇ ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਨੇ ਵੀ ਪਾਰਟੀ ਵਰਕਰਾਂ ਨੂੰ ਭੈਣ ਜੀ ਦੇ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਸ. ਕਰੀਮਪੁਰੀ ਨੇ ਕਿਹਾ ਕਿ ਸੂਬੇ ਵਿਚ ਅਕਾਲੀ ਭਾਜਪਾ ਸਰਕਾਰ ਵਲੋਂ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਦੇਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਨਿਜੀ ਹਸਪਤਾਲਾਂ ਵਿਚ ਇਲਾਜ ਮਹਿੰਗਾ ਹੋਣ ਕਾਰਨ ਗਰੀਬ ਲੋਕਾਂ ਨੂੰ ਇਲਾਜ ਕਰਵਾਉਣ ਲਈ ਆਪਰੇਸ਼ਨ ਕੈਂਪਾਂ ਵਿਚ ਜਾਣਾ ਪੈਂਦਾ ਹੈ ਤੇ ਉੱਥੇ ਕਈ ਵਾਰੀ ਪ੍ਰਬੰਧ ਵਧੀਆ ਨਾ ਹੋਣ ਕਰਕੇ ਗੁਰਦਾਸਪੁਰ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ। ਜਿੱਥੇ 40 ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ। ਉਨ੍ਹਾਂ ਕਿਹਾ ਕਿ ਸੱਤ੍ਹਾਧਾਰੀ ਨੇਤਾ ਆਪਣਾ ਇਲਾਜ ਕਰਵਾਉਣ ਲਈ ਵਿਦੇਸ਼ਾਂ ਵਿਚ ਜਾਂਦੇ ਹਨ, ਜਦਕਿ ਲੋਕਾਂ ਨੂੰ ਇੱਥੇ ਮੂਲਭੂਤ ਸੁਵਿਧਾਵਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਹਨ। ਗਰੀਬ ਲੋਕਾਂ ਤੋਂ ਸਿੱਖਿਆ ਵੀ ਖੋਹੀ ਜਾ ਰਹੀ ਹੈ।



ਕਿਸਾਨਾਂ ਨੂੰ ਸਮੇਂ ਸਿਰ ਯੂਰੀਆ ਨਹੀਂ ਮਿਲ ਰਿਹਾ ਹੈ, ਨੌਜਵਾਨਾਂ ਨੂੰ ਨਸ਼ੇ ਵਿਚ ਧੱਕਿਆ ਜਾ ਰਿਹਾ ਹੈ, ਰੁਜਗਾਰ ਦਾ ਪ੍ਰਬੰਧ ਨਹੀਂ ਤੇ ਭਾਜਪਾ ਵਲੋਂ ਲੋਕਾਂ 'ਤੇ ਜਬਰਦਸਤੀ ਧਰਮ ਥੋਪਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਫਗਵਾੜਾ ਵਿਚ ਪੈਂਦੇ ਪਿੰਡ ਮੇਹਟਾ ਵਿਚ ਡਾ. ਅੰਬੇਡਕਰ ਭਵਨ ਬਾਬਾ ਸਾਹਿਬ ਦੇ ਅਨੁਆਈਆਂ ਨੂੰ ਦਿੱਤਾ ਜਾਵੇ ਤੇ ਭਾਜਪਾ, ਆਰਐਸਐਸ ਤੇ ਅਕਾਲੀ ਦਲ ਦੀ ਇਸ ਵਿਚ ਦਖਲ ਅੰਦਾਜੀ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਸ ਵਿਚ ਕਿਸੀ ਵੀ ਤਰ੍ਹਾਂ ਦੀ ਕੋਈ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਬਸਪਾ ਸੜਕਾਂ 'ਤੇ ਉਤਰੇਗੀ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਕਾਂਸ਼ੀ ਨੂੰ ਜਾਣ ਵਾਲੀ ਟ੍ਰੇਨਾਂ ਮੁਫਤ ਚਲਾਈਆਂ ਜਾਣ।

ਸਮਾਗਮ ਤੋਂ ਬਾਅਦ ਬਸਪਾ ਦੀ ਪੰਜਾਬ ਬਚਾਓ ਮੁਹਿੰਮ ਦੇ ਤਹਿਤ ਨਸ਼ਿਆਂ ਖਿਲਾਫ ਤੇ ਸੂਬੇ ਨਾਲ ਸਬੰਧਤ ਹੋਰ ਮੁੱਦਿਆਂ 'ਤੇ ਹਦੀਆਬਾਦ ਤੋਂ ਲੈ ਕੇ ਏਡੀਸੀ ਦਫਤਰ ਤੱਕ ਜਾਗ੍ਰਤੀ ਮਾਰਚ ਵੀ ਕੀਤਾ ਗਿਆ। ਇਸ ਵਿਚ ਲੋਕਾਂ ਨੂੰ ਨਸ਼ੇ ਦੇ ਖਾਤਮੇ ਲਈ ਬਸਪਾ ਨਾਲ ਜੁੜਨ ਦੀ ਅਪੀਲ ਕੀਤੀ ਗਈ। ਲੋਕਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਗਿਆ ਕਿ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਸਮੇਂ ਹੀ ਨਸ਼ੇ ਫੈਲਿਆ ਹੈ। ਇਸ ਲਈ ਇਨ੍ਹਾਂ ਤੋਂ ਨਸ਼ੇ ਦੇ ਖਾਤਮੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਜਾਗ੍ਰਤੀ ਮਾਰਚ ਵਿਚ ਸਿੱਖਿਆ ਤੇ ਸਿਹਤ ਸੇਵਾਵਾਂ ਵਿਚ ਸੁਧਾਰ, ਦਲਿਤਾਂ ਤੇ ਔਰਤਾਂ 'ਤੇ ਅਤਿਆਚਾਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ, ਪੰਜਾਬ ਨੂੰ ਕਰੀਬ 1.25 ਲੱਖ ਕਰੋੜ ਰੁਪਏ ਦੇ ਕਰਜੇ ਵਿਚੋਂ ਕੱਢਣ ਲਈ ਗਲਤ ਨੀਤੀਆਂ ਵਿਚ ਬਦਲਾਅ, ਕਿਸਾਨ ਮਜਦੂਰਾਂ ਦੇ ਆਰਥਿਕ ਸੰਕਟ ਤੋਂ ਛੁਟਕਾਰੇ, ਅਨੁਸਚਿਤ ਜਾਤੀਆਂ ਤੇ ਪਛੜੇ ਵਰਗ ਦੇ ਮੁਲਾਜਮਾਂ ਦੀਆਂ ਤਰੱਕੀਆਂ ਸਬੰਧੀ ਰੋਸਟਰ ਸਿਸਟਮ ਬਹਾਲ ਕਰਨ ਦੀ ਮੰਗ ਵੀ ਕੀਤੀ ਗਈ। ਸੂਬਾ ਪ੍ਰਧਾਨ ਨੇ ਇਹ ਵੀ ਕਿਹਾ ਕਿ ਗੈਸ ਸਿਲੰਡਰ 'ਤੇ ਪਹਿਲਾਂ ਦੀ ਤਰ੍ਹਾਂ ਸਬਸਿਡੀ ਜਾਰੀ ਰੱਖਣੀ ਚਾਹੀਦੀ ਹੈ। ਅੰਗਹੀਨ ਵਿਅਕਤੀਆਂ ਨੂੰ ਜਰੂਰੀ ਰਾਖਵਾਂਕਰਨ ਤੇ ਸਮਾਜਿਕ ਸੁਰੱਖਿਆ ਦਿੱਤੀ ਜਾਵੇ।

ਜੇਲ੍ਹਾਂ ਵਿਚ ਜਿਨ੍ਹਾਂ ਨੌਜਵਾਨਾਂ ਦੀ ਸਜਾ ਪੂਰੀ ਹੋ ਚੁੱਕੀ ਹੈ, ਉਨ੍ਹਾਂ ਨੂੰ ਰਿਹਾ ਕੀਤਾ ਜਾਣਾ ਚਾਹੀਦਾ ਹੈ। ਮਾਰਚ ਦੌਰਾਨ ਪਾਰਟੀ ਵਰਕਰਾਂ ਨੇ ਆਪਣੇ ਹੱਥਾਂ ਵਿਚ ਬੈਨਰ ਤੇ ਤਖਤੀਆਂ ਫੜੀਆਂ ਹੋਈਆਂ ਸਨ।

ਸਮਾਗਮ ਵਿਚ ਹੋਰ ਨੇਤਾਵਾਂ ਨੇ ਵੀ ਸੰਬੋਧਤ ਕੀਤਾ। ਇਸ ਮੌਕੇ 'ਤੇ ਸੂਬਾ ਉਪ ਪ੍ਰਧਾਨ ਅਜੀਤ ਸਿੰਘ ਭੈਣੀ, ਗੁਰਲਾਲ ਸੈਲਾ, ਡਾ. ਨਛੱਤਰ ਪਾਲ, ਗੁਰਮੇਲ ਚੁੰਬਰ, ਜਰਨੈਲ ਨੰਗਲ, ਪ੍ਰਵੀਨ ਬੰਗਾ ਯੋਗਾ ਸਿੰਘ ਪਨੌਦੀਆ, ਹਰਭਜਨ ਬਲਾਲੋਂ, ਐਡਵੋਕੇਟ ਹਰਗੋਪਾਲ, ਹਰਭਜਨ ਬਜਹੇੜੀ, ਸੁੰਦਰ ਲਾਲ, ਬਲਵਿੰਦਰ ਕੁਮਾਰ, ਠੇਕੇਦਾਰ ਰਜਿੰਦਰ ਸਿੰਘ, ਸਵਰਣ ਸਿੰਘ ਸੱਗੂ, ਸੁਖਵਿੰਦਰ ਕੋਟਲੀ, ਰਵਿੰਦਰ ਹੰਸ, ਤਾਰਾ ਚੰਦ ਭਗਤ, ਮਨਜੀਤ ਅਟਵਾਲ, ਲਾਲਜੀ ਪ੍ਰਤਾਪ ਗੌਤਮ, ਇੰਜੀ. ਮਹਿੰਦਰ ਸਿੰਘ, ਰਜਿੰਦਰ ਰਾਜ ਨਨਹੇੜੀ, ਸੁਖਦੇਵ ਸ਼ੀਰਾ, ਧੰਨਾ ਸਿੰਘ ਸ਼ੇਰੋ, , ਰਚਨਾ ਦੇਵੀ, ਦਲਜੀਤ ਰਾਏ, ਰਮੇਸ਼ ਕੌਲ, ਲੇਖਰਾਜ ਜਮਾਲਪੁਰੀ, ਪਰਮਜੀਤ ਖਲਵਾੜਾ, ਕਮਲ ਦੇਵ ਜੰਡੂਸਿੰਘਾ, ਰਜਿੰਦਰ ਰੀਹਲ, ਸੇਵਾ ਸਿੰਘ ਰੱਤੂ, ਜਗਦੀਸ਼ ਰਾਣਾ, ਰਾਮਮੂਰਤੀ ਖੇੜਾ, ਜਤਿੰਦਰ ਪਾਲ ਡੁਮੇਲੀ, ਕ੍ਰਿਸ਼ਨਾ ਕੈਂਥ ਚੇਅਰਪਰਸਨ ਬਲਾਕ ਸੰਮਤੀ, ਪਰਮਿੰਦਰ ਬੋਧ, ਗੁਰਮੁਖ ਚਾਨਾ, ਜਤਿੰਦਰ ਪਾਲ ਡੁਮੇਲੀ, ਇੰਜੀ. ਪ੍ਰਦੀਪ ਮੱਲ, ਬਲਿਹਾਰ ਮੁੱਠਡਾ ਆਦਿ ਵੀ ਮੌਜੂਦ ਸਨ।

## ਜਲ ਸੰਭਾਲ ਦੇ ਪੱਖ ਤੋਂ ਸਾਡਾ ਅਵੇਸਲਾਪਣ ਸਾਡੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ-ਡੀ.ਸੀ.

ਨਵਾਂਸ਼ਹਿਰ (ਰੇਸ਼ਮ ਕਰਨਾਣਵੀ)- ਜਲ ਸੋਮਿਆਂ ਦੀ ਸੰਭਾਲ ਦੇ ਪੱਖ ਤੋਂ ਸਾਡਾ ਅਵੇਸਲਾਪਣ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਨਾਕ ਸਾਬਿਤ ਹੋਵੇਗਾ ਅਤੇ ਸਾਨੂੰ ਇਸ ਦੀ ਸੰਭਾਲ ਲਈ ਹੁਣ ਤੋਂ ਹੀ ਨਿੱਗਰ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਪਾਣੀ ਦੇ ਘਟਦੇ ਪੱਧਰ ਤੇ ਲੁਪਤ ਹੁੰਦੇ ਸੋਮਿਆਂ ਦੀ ਸੁਰੱਖਿਆ ਵਿੱਚ ਸਾਡਾ ਯੋਗਦਾਨ ਪੈ ਸਕੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ੍ਰੀ ਰਵਿੰਦਰ ਸਿੰਘ ਨੇ ਅੱਜ 'ਹਮਾਰਾ ਜਲ ਹਮਾਰਾ ਜੀਵਨ' ਵਿਸ਼ੇ 'ਤੇ ਸ਼ਿਵਾਲਿਕ ਪਬਲਿਕ ਸਕੂਲ ਵਿਖੇ ਕਰਵਾਈ ਗਈ ਜ਼ਿਲ੍ਹਾ ਪੱਧਰੀ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਲੋੜ ਪਾਣੀ ਦੇ ਘਟਦੇ ਪੱਧਰ ਨੂੰ ਮਹਿਸੂਸ ਕਰਕੇ, ਉਸ ਦੀ ਬੱਚਤ ਅਤੇ ਸੁਰੱਖਿਅਣ ਦੇ ਉਪਰਾਲਿਆਂ ਦੀ ਹੈ। ਜਲ ਦੀ ਬੇਥਵੀ ਵਰਤੋਂ ਦੀ ਥਾਂਵੇਂ ਮੀ-ਟਰਿੰਗ ਪ੍ਰਣਾਲੀ ਜਿਹੀਆਂ ਸਕੀਮਾਂ ਲਿਆਂਦੀਆਂ ਜਾਣ ਤਾਂ ਸਹੀ ਅਰਥਾਂ ਵਿੱਚ ਸਾਡੇ ਵਿੱਚ ਇਸ ਦੀ ਬੱਚਤ ਅਤੇ ਸੁਰੱਖਿਆ ਦੀ ਭਾਵਨਾ ਬਣੇਗੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਬਣਾਏ 'ਰੂਫ਼ ਵਾਟਰ ਹਾਰਵੈਸਟਿੰਗ' ਨਿਯਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਕੇ ਵੀ ਅਸੀਂ ਆਪਣਾ ਯੋਗਦਾਨ ਦੇ ਸਕਦੇ ਹਾਂ। ਉਨ੍ਹਾਂ ਕਿਹਾ





ਕਿ ਉਹ ਜ਼ਿਲ੍ਹੇ ਵਿੱਚ 'ਰੂਫ਼ ਵਾਟਰ ਹਾਰਵੈਸਟਿੰਗ' ਨੂੰ ਵੱਡੀਆਂ ਇਮਾਰਤਾਂ 'ਤੇ ਲਾਗੂ ਕਰਵਾਉਣ 'ਤੇ ਜ਼ੋਰ ਦੇਣਗੇ। ਕੇਂਦਰੀ ਗਰਾਊਂਡ ਵਾਟਰ ਬੋਰਡ ਵੱਲੋਂ ਜ਼ਿਲ੍ਹੇ ਦੇ ਪਿੰਡ 'ਮੱਲੂਪੋਤਾ' ਨੂੰ 'ਜਲ ਗਰਾਮ' ਵੱਜੋਂ ਅਪਣਾਇਆ ਜਾਵੇਗਾ ਅਤੇ ਪ੍ਰਮੁੱਖ ਲੋੜਾਂ ਪੂਰੀਆਂ ਕਰਕੇ, ਪਾਣੀ ਦੀ ਸੰਭਾਲ ਵਿੱਚ ਇਸ ਨੂੰ ਮਾਰਗ ਦਰਸ਼ਕ ਵਜੋਂ ਉਭਾਰਿਆ ਜਾਵੇਗਾ। ਇਸ ਤੋਂ ਪਹਿਲਾਂ ਸੈਂਟਰਲ ਗਰਾਊਂਡ ਵਾਟਰ ਬੋਰਡ ਚੰਡੀਗੜ੍ਹ ਦੇ ਸੀਨੀਅਰ ਸਾਇੰਟਿਸਟ ਤੇਜਦੀਪ ਸਿੰਘ, ਨੋਡਲ ਅਫ਼ਸਰ ਵਰਕਸ਼ਾਪ, ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਪੰਜਾਬ ਦੇ ਬਹੁਤੇ ਭਾਗਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਲੋੜੋਂ ਵਧੇਰੇ ਵਰਤੋਂ ਬਾਅਦ, ਇਹ ਭਾਗ 'ਡਾਰਕ ਜ਼ੋਨ' ਭਾਵ ਬਹੁਤ ਗਹੀ ਡੂੰਘੇ ਜਲ ਪੱਧਰ ਵਾਲੇ ਇਲਾਕੇ ਕਰਾਰ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਾਡੇ ਕੋਲ ਬਾਰਸ਼ੀ ਪਾਣੀ, ਵਾਯੂਮੰਡਲ ਨਮੀਂ, ਨਹਿਰੀ/ਦਰਿਆਵਾਂ ਵਿੱਚ ਵਹਿੰਦਾ ਪਾਣੀ ਅਤੇ ਧਰਤੀ ਹੇਠਲਾ ਪਾਣੀ ਹੀ ਮੁੱਖ ਸੋਮੇ ਹਨ, ਜਿਨ੍ਹਾਂ ਵਿੱਚੋਂ ਜੇਕਰ ਅਸੀਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਜੇਕਰ ਤਰਕਸੰਗਤ ਕਰ ਲਈਏ ਤਾਂ ਜਲ ਸੰਭਾਲ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ।

ਇਸ ਮੌਕੇ ਐਸ.ਡੀ.ਓ. ਸਿੰਚਾਈ ਵਿਭਾਗ ਦਵਿੰਦਰ ਸਿੰਘ, ਡਿਪਟੀ ਪ੍ਰਾਜੈਕਟ ਡਾਇਰੈਕਟਰ ਨੀਨਾ ਸ਼ਰਮਾ ਨੇ, ਐਸ.ਡੀ.ਓ. ਜਲ ਸਪਲਾਈ ਤੇ ਸੈਨੀਟੇਸ਼ਨ ਹਰਜੀਤਪਾਲ ਸਿੰਘ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਦੀਆਂ ਵਿਦਿਆਰਥਣਾਂ ਅੰਸ਼ੂ ਤੇ ਤੇਜਿੰਦਰ ਕੌਰ ਨੇ ਜਲ ਗਾਹਾਂ ਦੇ ਨਵੀਨੀਕਰਣ, ਰੂਫ਼ ਵਾਟਰ ਹਾਰਵੈਸਟਿੰਗ ਆਦਿ ਢੰਗਾਂ ਰਾਹੀਂ ਪਾਣੀ ਦੇ ਸੰਜਮ ਬਾਰੇ ਦੱਸਿਆ।

# ਸੋਹੂੰ ਦੇ ਨਿਰਬਾਨ ਮਾਰਗ 'ਤੇ ਚਲਕੇ, ਮਨੁੱਖ ਇਸੇ ਸੰਸਾਰ ਵਿਚ, ਇਸੇ ਧਰਤੀ 'ਤੇ, ਇਸੇ ਜੀਵਨ ਵਿਚ ਬੇਗ਼ਮਪੁਰੇ ਦਾ ਬਾਸੀ ਹੋ ਸਕਦਾ ਹੈ-ਗੁਰੂ ਰਵਿਦਾਸ ਜੀ



ਡਾ.ਸੰਤੋਖ ਲਾਲ ਵਿਰਦੀ ਐਡਵੋਕੇਟ
98145-17499

ਬੇਗ਼ਮਪੁਰਾ (ਬੇ+ਗ਼ਮ+ਪੁਰਾ) ਇੱਕ ਗਿਆਨ ਅਵਸਥਾ ਅਤੇ ਸਮਾਜ ਵਿਵਸਥਾ ਹੈ ਜਿਸ ਵਿੱਚ ਗ਼ਮ (ਚਿੰਤਾ) ਦਾ ਅਭਾਵ ਹੈ। ਮਨੁੱਖ ਨੂੰ ਗਿਆਨ ਪ੍ਰਾਪਤ ਕਰਨ ਲਈ ਕਿਸੇ ਗੈਬੀ ਸ਼ਕਤੀ, ਜਾਦੂ ਟੂਣਾ, ਪਾਠ ਪੂਜਾ, ਪ੍ਰਾਰਥਨਾ ਜਾਂ ਭਗਤੀ ਦੀ ਜਰੂਰਤ ਨਹੀਂ, ਬਲਕਿ ਮਨੁੱਖੀ ਕਿਰਿਆ ਜਾਂ ਸੂਝ ਬੂਝ ਦੀ ਜਰੂਰਤ ਹੈ। ਜਦ ਤੱਕ ਮਨੁੱਖ ਨੂੰ ਅੰਦਰੂਨੀ ਆਪਣੇ ਮਨ ਦੀ ਅਵਸਥਾ (ਗਮ) ਅਤੇ ਬਾਹਰੀ (ਪੁਰਾ) ਸਮਾਜ ਵਿਵਸਥਾ ਦਾ ਪੂਰਨ ਪਤਾ ਨਹੀਂ ਚਲ ਜਾਂਦਾ ਤਦ ਤਕ ਉਹ ਬੇਗ਼ਮ (ਗਿਆਨ) ਪ੍ਰਾਪਤ ਨਹੀ ਕਰ ਸਕਦਾ ਹੈ।

ਪੁਰਾ ਤੋਂ ਭਾਵ ਪਿੰਡ, ਨਗਰ, ਸ਼ਹਿਰ, ਦੇਸ਼, ਦੁਨੀਆ ਜਾਂ ਸਮਾਜ ਤੋਂ ਹੈ। ਸੰਤ ਗੁਰੂ ਰਵਿਦਾਸ ਜੀ ਦਾ,'ਬੇਗ਼ਮਪੁਰਾ ਸ਼ਹਿਰ ਕੇ ਨਾਓ ਅੰਦੋਲਨ ਨਹੀ ਕਿਸ ਥਾਂ। ਬੇਗ਼ਮਪੁਰਾ ਦੀ ਬਾਹਰੀ ਵਿਵਸਥਾ ਹੈ। ਬੇਗ਼ਮਪੁਰਾ ਦੀ ਵਿਵਸਥਾ ਨਾਬਰਾਬਰਤਾ ਉਤੇ ਖੜੀ ਗੈਰਮਾਨਵੀ ਵਰਣ ਵਿਵਸਥਾ ਦੀ ਬਨਿਸਬਤ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਅਧਾਰਤ ਕਲਿਆਣਕਾਰੀ ਲੋਕ ਰਾਜੀ (ਵੈਲਫੇਅਰ ਸਟੇਟ) ਵਿਵਸਥਾ ਹੈ। ਇਸ ਸਮਾਜ ਵਿਵਸਥਾ ਵਿਚ ਸਭ ਮਨੁੱਖਾਂ ਲਈ ਇੱਕ ਸਮਾਨ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਹਿਤ ਤੇ ਜੌਬ ਦੀ ਸਮਾਜਿਕ ਸੁਰੱਖਿਆ ਹੈ। ਇਸ ਵਿਚ ਕਿਸੇ ਨੂੰ ਵੀ ਕੋਈ ਚਿੰਤਾ, ਦੁੱਖ ਤੇ ਸਮੱਸਿਆ ਨਹੀਂ ਹੋਵੇਗੀ। ਹਰ ਮਨੁੱਖ ਮਾਨਸਿਕ ਤੌਰ 'ਤੇ ਅਜ਼ਾਦ ਹੋਵੇਗਾ। ਕੋਈ ਟੈਕਸ-ਦੰਡ, ਡਰ-ਘਬਰਾਹਟ, ਲੜਾਈ-ਝਗੜਾ, ਕਲੇਸ਼ ਨਹੀਂ ਹੋਵੇਗਾ। ਕੋਈ ਮਾਲਕ-ਗੁਲਾਮ, ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ, ਜਿਮੀਂਦਾਰ-ਮਜ਼ਦੂਰ, ਤਕੜਾ ਮਾੜਾ ਨਹੀ ਹੋਵੇਗਾ। ਕੋਈ ਕਿਸੇ ਦੀ ਨਿਜ਼ੀ ਜਾਇਦਾਦ ਨਹੀਂ, ਸਭ ਦਾ ਰੁਤਬਾ ਸਮਾਨ ਹੋਵੇਗਾ। ਸਭ ਜਿੱਥੇ ਵੀ ਚਾਹੁਣ, ਘੁੰਮਣ ਫ਼ਿਰਨ ਲਈ ਅਜ਼ਾਦ ਹੋਣਗੇ। ਰਾਜਾ-ਪਰਜਾ, ਸਭ ਆਪਣੇ ਕਰਤੱਵ-ਅਧਿਕਾਰ ਜਾਣਦੇ ਹੋਣਗੇ ਅਤੇ ਸਭ ਪਾਸੇ ਸਮਇਕ ਸਮਾਨਤਾ ਹੋਵੇਗੀ। ਭਾਵ ਬੇਗ਼ਮਪੁਰਾ ਦੀ ਸਿਰਜਨਾ ਹੋਵੇਗੀ। ਬੇਗ਼ਮਪੁਰਾ ਦੀ ਸਿਰਜਨਾ ਕਿਵੇਂ ਹੋਵੇਗੀ? ਇਸ ਪ੍ਰਤੀ ਗੁਰੂ ਜੀ ਕਹਿੰਦੇ ਹਨ-

ਇਹ ਯੱਗ ਦੁੱਖ ਕੀ ਖੇਤਰੀ, ਇਹ ਜਾਨਤ ਸਭ ਕੋਇ।
ਗਿਆਨੀ ਕਾਟੇਹਿ ਗਿਆਨ ਸੇ, ਮੂਰਖ ਕਾਟੇਹਿ ਰੋਇ।

ਜਨਮ ਤੋਂ ਲੈ ਕੇ ਮਰਨ ਤੱਕ ਸਮੁੱਚਾ ਸੰਸਾਰ ਦੁੱਖਾਂ ਨਾਲ ਪਰੁੱਨਿਆ ਪਿਆ ਹੈ। ਜਿੱਧਰ ਵੀ ਨਜ਼ਰ ਮਾਰੋ ਦੁੱਖ ਹੀ ਦੁੱਖ ਦਿਖਾਈ ਦਿੰਦਾ ਹੈ। ਕਿਸੇ ਨੂੰ ਆਪਣੇ ਸ਼ਰੀਰ ਦਾ ਦੁੱਖ ਹੈ, ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ, ਕਿਸੇ ਨੂੰ ਪਿਓ ਦਾ, ਕਿਸੇ ਨੂੰ ਭਰਾ ਦਾ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸਬੰਧੀ ਦਾ, ਕਿਸੇ ਨੂੰ ਸੰਪਤੀ ਦਾ, ਕਿਸੇ ਨੂੰ ਸਨਮਾਨ ਦਾ, ਕਿਸੇ ਨੂੰ ਉੱਚ ਪਦਵੀ ਦਾ, ਸ਼ੋਸ਼ਿਕ ਨੂੰ ਮੁਨਾਫੇ ਦਾ, ਸ਼ੋਸ਼ਿਤ ਨੂੰ ਸ਼ੋਸ਼ਣ ਦੇ ਦੁੱਖ ਹੈ। ਕਿਸੇ ਨੂੰ ਪਿਆਰੇ ਮਿੱਤਰ ਦਾ ਨਾ ਮਿਲਣਾ ਦੁੱਖ ਹੈ। ਕਿਸੇ ਨੂੰ ਦੁੱਖਿਆਰੇ ਅਮਿੱਤਰ ਦਾ ਆ ਮਿਲਣਾ ਦੁੱਖ ਹੈ। ਹਰ ਪਾਸੇ ਦੁੱਖ ਹੀ ਦੁੱਖ ਹੈ। ਇਸ ਦੁਨੀਆਂ ਵਿੱਚ ਕੋਈ ਵੀ ਮਨੁੱਖ ਦੁੱਖ ਦੀ ਲਪੇਟ ਤੋਂ ਬਚ ਨਹੀਂ ਸਕਿਆ। ਗੁਰੂ ਜੀ ਕਹਿੰਦੇ ਇਹ ਹਰ ਕੋਈ ਜਾਣਦਾ ਹੈ ਕਿ ਸਮੁੱਚਾ ਸੰਸਾਰ ਦੁੱਖੀ ਹੈ। ਦੁੱਖੀ ਕਿਉਂ ਹੈ? ਇਹ ਸਭ ਨਹੀਂ ਜਾਣਦੇ। ਦੁੱਖਾਂ ਦਾ ਕੋਈ ਕਾਰਣ ਹੈ। ਗੁਰੂ ਜੀ ਕਹਿੰਦੇ, ਸਾਰੇ ਦੁੱਖਾਂ ਦਾ ਮੋਢੀ ਮਨੁੱਖ ਆਪ ਹੈ। ਸੋ ਵਿਚੋਂ 75 ਪ੍ਰਤੀਸ਼ਤ ਦੁੱਖ ਮਨੁੱਖ ਖੁੱਦ ਆਪਣੇ ਹੀ ਦੁਰਾਚਾਰ ਕਾਰਨ ਅਤੇ ਬਾਕੀ 25 ਪ੍ਰੀਸ਼ਤ ਦੁੱਖ ਅਸਮਾਨਤਾ (ਗਰੀਬੀ-ਅਮੀਰੀ) ਭਾਵ ਇਕ ਮਨੱਖ ਦੂਜੇ ਮਨੁੱਖ ਦਾ ਸ਼ੋਸ਼ਣ ਕਰਕੇ ਪੈਦਾ ਕਰਦਾ ਹੈ? ਮਨੁੱਖ ਦੁੱਖ ਕਿਵੇਂ ਪੈਦਾ ਕਰਦਾ ਹੈ? ਸੰਤ ਗੁਰੂ ਰਵਿਦਾਸ ਜੀ ਕਹਿੰਦੇ ਹਨ-

ਮਾਧੋ! ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ।। ੧।।

ਮਨੁੱਖ ਦੁੱਖ ਦੋ ਤਰਾਂ ਪੈਦਾ ਕਰਦਾ ਹੈ। ਪਹਿਲਾ ਦੁੱਖਾਂ ਦਾ ਕਾਰਨ ਅਵਿਦਿਆ (ਅਗਿਆਨਤਾ) ਹੈ। ਅਗਿਆਨਤਾ ਕਾਰਨ ਮਨੁੱਖ ਆਪਣੇ ਮਨ ਦਾ ਗੁਲਾਮ (ਬਿਬੇਕ ਦੀਪ ਮਲੀਨ) ਹੋ ਜਾਂਦਾ ਹੈ। ਗੁਲਾਮੀ ਦੋ ਤਰ੍ਹਾਂ ਦੀ ਹੁੰਦੀ ਹੈ। ਪਹਿਲੀ ਅੰਦਰੂਨੀ ਅਤੇ ਦੂਜੀ ਬਾਹਰੀ ਗੁਲਾਮੀ ਹੈ।

ਅੰਦਰੂਨੀ ਗੁਲਾਮੀ ਦਾ ਕਾਰਣ ਮਨ, ਇੱਛਾ ਅਤੇ ਕਰਮ ਹੈ। ਇਹਨਾਂ ਵਿਕਾਰਾਂ ਕਾਰਣ ਹੀ ਮਨੁੱਖ ਸੁਆਦਾਂ ਵਿੱਚ ਬੁਰੀ ਤਰ੍ਹਾਂ ਮਸਤ ਹੋ ਜਾਂਦਾ ਹੈ। ਇਹ ਮਨ ਹੀ ਹੈ ਜੋ ਸਭ ਕਿਰਆਵਾ ਤੇ ਕਲਪ-ਵਿਕਲਪ ਦਾ ਕੇਂਦਰ ਬਿੰਦੂ ਹੈ। ਮਨ ਹੀ ਸਭ ਕਲਪ ਵਿਕਲਪ ਦਾ ਮੋਢੀ ਹੈ। ਗੁਰੂ ਜੀ ਕਹਿੰਦੇ ਹਨ-

ਅੰਤਰ ਮਨ ਜਾਂਚੈ ਨਹੀਂ, ਨਰ ਬਾਹਰ ਕਰੈ ਉਜਾਸ।
ਤੇ ਨਰ ਜਮਪੁਰ ਜਾਹਿਗੇ, ਸਤਿ ਭਾਖੇ ਰਵਿਦਾਸ।

ਗੁਰੂ ਜੀ ਕਹਿੰਦੇ, ਮਨ ਦੇ ਗੁਲਾਮ ਮਨੁੱਖ ਦੀ ਇੱਛਾ ਭਟਕਦੀ ਹੈ। ਭਟਕਿਆ ਮਨੁੱਖ ਚਾਹੁੰਦਾ ਹੈ ਕਿ ਸਾਰੇ ਸੰਸਾਰ ਦੇ ਸੁੱਖ ਉਸ ਨੂੰ ਹੀ ਮਿਲਣ। ਸਾਰੀ ਧੰਨ ਦੌਲਤ ਉਸ ਪਾਸ ਆ ਜਾਵੇ। ਸਾਰੇ ਸਨਮਾਨ ਉਸ ਨੂੰ ਮਿਲਣ। ਸਾਰੇ ਸੁਆਦੀ ਖਾਣੇ ਉਹ ਹੀ ਖਾਵੇ। ਉਹ ਅੱਛੀ ਤੋਂ ਅੱਛੀ ਪੁਸ਼ਾਕ ਪਹਿਨੇ। ਸਾਰੀਆਂ ਸੁਗੰਧਾਂ ਦਾ ਅਨੰਦ ਉਹ ਹੀ ਮਾਣੇ। ਉਹ ਉੱਚੇ ਤੋਂ ਉੱਚੇ ਰੁਤਵੇ ਮਾਣੇ। ਹਰ ਪਾਸੇ, ਹਰ ਥਾਂ ਉਸ ਦਾ ਹੀ ਬੋਲ ਬਾਲਾ ਹੋਵੇ।

ਭਟਕੇ ਮਨੁੱਖ ਦੀ ਜਦ ਦਸਾਂ ਨੌਹਾਂ ਦੀ ਕੀਤੀ ਕਿਰਤ ਨਾਲ ਇੱਛਾ ਪੂਰੀ ਨਹੀਂ ਹੁੰਦੀ ਤਾਂ ਉਹ ਆਪਣੀ ਇੱਛਾ ਦੀ ਪੂਰਤੀ ਲਈ ਦੂਸਰੇ ਮਨੁੱਖ ਦਾ ਹੱਕ ਮਾਰਦਾ ਹੈ। ਉਹ ਲਾਲਸਾ ਦੀ ਪੂਰਤੀ ਲਈ ਧੰਨ ਦੌਲਤ ਇਕੱਠੀ ਕਰਨ ਲਈ ਝੂਠ ਬੋਲਦਾ ਹੈ, ਚੋਰੀ ਕਰਦਾ ਹੈ, ਨਸ਼ੇ ਕਰਦਾ ਹੈ। ਨਸ਼ਿਆਂ 'ਚ ਧੁੱਤ ਉਹ ਪਰਾਈ ਔਰਤ ਵੱਲ੍ਹ ਝਾਕਦਾ ਹੈ। ਨਸ਼ੇ ਅਤੇ ਕਾਮ 'ਚ ਅੰਨਾ ਮਨੁੱਖ ਹਿੰਸਾ ਕਰਦਾ ਹੈ। ਇੱਛਾ ਪੂਰਤੀ ਲਈ ਉਹ ਕਈ ਵਾਰ ਦੂਜੇ ਮਨੁੱਖ ਨੂੰ ਮਾਰ ਦਿੰਦਾ ਹੈ।

ਮਨੁੱਖ ਦੂਜੇ ਨੂੰ ਮਾਰ ਕੇ ਇੱਕ ਤਾਂ ਉਹ ਆਪ ਜੇਲ੍ਹ ਜਾਂਦਾ ਹੈ। ਪਿੱਛੋਂ ਉਸ ਦੇ ਬਿਰਧ ਮਾਂ ਬਾਪ, ਔਰਤ ਅਤੇ ਬੱਚੇ ਬੇਸਹਾਰਾ ਹੋ ਜਾਂਦੇ ਹਨ। ਮਾਂ ਬਾਪ ਬੁਢਾਪੇ ਕਾਰਨ ਰੁਲਦੇ ਹਨ। ਔਰਤ ਪੇਟ ਪੂਜਾ ਲਈ ਕੰਮ ਕਰਨ ਜਾਂਦੀ ਹੈ ਤਾਂ ਉਸ ਪ੍ਰਤੀ ਲੋਕਾਂ ਦੇ ਮਨਾਂ ਵਿਚ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਹੁੰਦੇ ਹਨ। ਬਾਪ ਦੇ ਛਾਏ ਤੋਂ ਬਾਂਝੇ ਯਤੀਮ ਬੱਚੇ ਰੁਲ ਜਾਂਦੇ ਹਨ। ਔਰਤ ਦੇ ਮਾਂ ਬਾਪ ਨੂੰ ਚਿੰਤਾ ਰਹਿੰਦੀ ਹੈ ਕਿ ਸਾਡੀ ਧੀ ਇਕੱਲੀ ਹੈ। ਮਾਮਿਆਂ ਨੂੰ ਫਿਕਰ ਰਹਿੰਦਾ ਹੈ ਕਿ ਸਾਡੇ ਭਾਣਜੇ ਕਿੱਥੋਂ ਰੋਟੀ ਖਾਂਦੇ ਹੋਣਗੇ। ਆਪ ਵੀ ਉਹ ਜੇਲ੍ਹ ਵਿੱਚ ਆਪਣੇ ਮਾਂ ਬਾਪ, ਔਰਤ ਤੇ ਬੱਚਿਆਂ ਲਈ ਤੜਪਦਾ ਹੈ। ਇਹ ਦੁੱਖ ਇਸ ਤਰ੍ਹਾਂ ਅੱਗੇ ਤੋਂ ਅੱਗੇ ਰਿਸ਼ਤੇਦਾਰੀ ਤੇ ਕੁਨਬੇ ਮੁਤਾਬਕ ਵਧਦਾ ਜਾਂਦਾ ਹੈ। ਇਸ ਤਰਾਂ ਇੱਕ ਮਨੁੱਖ ਆਪਣੇ ਮਨ, ਇੱਛਾ ਤੇ ਲਾਲਸਾ ਦਾ ਸ਼ਿਕਾਰ ਹੋ ਕੇ ਮਨੁੱਖ ਆਪ ਵੀ ਦੁਖੀ ਹੁੰਦਾ ਹੈ ਤੇ ਅੱਗੋਂ ਆਪਣੇ ਪਰਿਵਾਰ ਤੇ ਸੈਕੜੇ ਹਜ਼ਾਰਾਂ ਸਕੇ-ਸਬੰਧੀਆਂ ਨੂੰ ਵੀ ਦੁੱਖੀ ਕਰਦਾ ਹੈ।

ਇੰਨਾ ਹੀ ਨਹੀ ਦੂਜੇ ਪਾਸੇ ਦੁਰਾਚਾਰੀ ਮਨਮੁੱਖ ਮਨੁੱਖ, ਜਿਸ ਮਨੁੱਖ ਨੂੰ ਮਾਰ ਦਿੰਦਾ ਹੈ, ਉਸ ਦੀ ਪਤਨੀ ਵਿਧਵਾ ਹੋ ਜਾਂਦੀ ਹੈ। ਉਸ ਦੇ ਬੱਚੇ ਬੇਸਹਾਰਾ ਹੋ ਜਾਂਦੇ ਹਨ। ਉਸ ਦੇ ਬਿਰਧ ਮਾਂ ਬਾਪ ਦਾ ਕੋਈ ਸਹਾਰਾ ਨਹੀਂ ਰਹਿੰਦਾ। ਉਹ ਬੁਢਾਪੇ ਵਿੱਚ ਵਿਲਕਦੇ ਫਿਰਦੇ ਹਨ। ਉਸ ਦੀ ਵਿਧਵਾ ਪਤਨੀ ਪ੍ਰਤੀ ਹਰ ਕੋਈ ਜੋ ਮੂੰਹ ਆਇਆ ਬੋਲਦਾ ਹੈ। ਉਸ ਨੂੰ ਹਰ ਵਕਤ ਸ਼ੱਕ ਦੀ ਨਜ਼ਰ 'ਚ ਵੇਖਿਆ ਜਾਂਦਾ ਹੈ। ਬੱਚਿਆਂ ਦਾ ਚੰਗੀ ਤਰ੍ਹਾਂ ਪਾਲਣ ਪੋਸ਼ਣ ਨਹੀਂ ਹੁੰਦਾ। ਉਹ ਢੇਰਾਂ-ਰੂੜ੍ਹੀਆਂ ਉਤੇ ਰੁਲਦੇ ਹਨ। ਉਸ ਦੇ ਸੌਹਰਿਆਂ ਨੂੰ ਆਪਣੀ ਧੀ ਅਤੇ ਦੋਹਤਿਆਂ ਦਾ ਦਰਦ ਹਰ ਵਕਤ ਸਤਾਉਂਦਾ ਰਹਿੰਦਾ ਹੈ। ਸਾਰੀ ਰਿਸ਼ਤੇਦਾਰੀ ਚਿੰਤਤ ਰਹਿੰਦੀ ਹੈ। ਇਸ ਤਰ੍ਹਾਂ ਮਨ ਇੱਛਾ ਤੇ ਲਾਲਸਾ ਦਾ ਸ਼ਿਕਾਰ ਦੁਰਾਚਾਰੀ ਮਨੁੱਖ ਆਪ ਵੀ ਦੁੱਖੀ ਹੁੰਦਾ ਹੈ ਤੇ ਅੱਗੋਂ ਆਪਣੇ ਪਰਿਵਾਰ, ਸੈਕੜੇ ਹਜ਼ਾਰਾਂ ਸਕੇ-ਸਬੰਧੀਆਂ ਨੂੰ ਵੀ ਦੁੱਖੀ ਕਰਦਾ ਹੈ।

ਜਦ ਮਨਮੁੱਖ ਮਨੁੱਖ ਨੂੰ ਨੀਂਦ ਨਹੀ ਆਉਂਦੀ। ਉਹ ਨਸ਼ਿਆਂ ਦਾ ਸੇਵਨ ਕਰਦਾ ਹੈ। ਨਸ਼ੇ ਕਰਨ ਨਾਲ ਇਕ ਤਾਂ ਉਹ ਧੰਨ ਸੰਪੱਤੀ ਦਾ ਨਾਸ਼ ਕਰਦਾ ਹੈ। ਦੂਜਾ ਉਹ ਘਰ ਅਤੇ ਬਾਹਰ ਝਗੜਾ ਕਰਦਾ ਹੈ। ਉਹ ਰੋਗੀ ਅਤੇ ਨਸ਼ਿਆਂ ਦਾ ਗੁਲਾਮ ਹੋ ਜਾਂਦਾ ਹੈ। ਲੋਕ ਉਸਦੀ ਬਦਨਾਮੀ ਕਰਦੇ ਹਨ, ਉਹ ਬੇਸ਼ਰਮ ਢੀਠ ਹੋ ਜਾਂਦਾ ਹੈ। ਨਸ਼ਈ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਜ਼ਲਦੀ ਹੀ ਉਹ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ। ਪਿੱਛੋਂ ਉਸ ਦੇ ਬਿਰਧ ਮਾਂ ਬਾਪ, ਔਰਤ ਅਤੇ ਬੱਚੇ ਬੇਸਹਾਰਾ ਹੋ ਜਾਂਦੇ ਹਨ। ਮਾਂ ਬਾਪ ਬੁਢਾਪੇ ਕਾਰਨ ਰੁਲਦੇ ਹਨ ਅਤੇ ਅਜਿਹਾ ਮਨੁੱਖ ਵੀ ਉਪਰੋਕਤ ਵਾਂਗ ਖੁੱਦ ਹੀ ਦੁੱਖ ਹੀ ਦੁੱਖ ਪੈਦਾ ਕਰਦਾ ਹੈ ਤੇ ਅੱਗੋਂ ਆਪਣੇ ਪਰਿਵਾਰ, ਸੈਕੜੇ ਹਜ਼ਾਰਾਂ ਸਕੇ-ਸਬੰਧੀਆਂ ਨੂੰ ਵੀ ਦੁੱਖੀ ਕਰਦਾ ਹੈ। ਇਸ ਲਈ ਇਹਨਾਂ ਸਭ ਦੁੱਖਾਂ ਦਾ ਕਾਰਨ ਇੱਛਾ ਹੈ।

ਇੱਛਾ ਕੀ ਹੈ? ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਚਾਹ ਹੀ ਇੱਛਾ ਹੈ। ਇੱਛਾ ਮਨੁੱਖ ਨੂੰ ਜੀਵਨ ਵਿੱਚ ਭੜਕਾਉਂਦੀ ਹੈ। ਜੋ ਹੁਣ ਇੱਥੇ ਹੁੰਦੀ ਹੈ ਅਤੇ ਹੁਣੇ ਹੀ ਉੱਥੇ ਹੁੰਦੀ ਹੈ। ਹਰ ਮਨੁੱਖ ਦੀ ਇੱਛਾ ਭੋਗ ਵਿਲਾਸ ਦੇ ਪਿੱਛੇ ਦੌੜਦੀ ਹੈ। ਮਨੁੱਖ ਦੀ ਇਹ ਇੱਛਾ ਹੈ ਕਿ ਉਸ ਪਾਸ ਅਧਿਕ ਤੋਂ ਅਧਿਕ ਧੰਨ ਹੋਵੇ, ਵਧੀਆ ਤੋਂ ਵਧੀਆ ਘਰ ਹੋਵੇ, ਉੱਚੇ ਤੋਂ ਉੱਚਾ ਔਹਦਾ ਹੋਵੇ, ਵੱਡੇ ਤੋਂ ਵੱਡਾ ਸਨਮਾਨ ਹੋਵੇ, ਜਿਆਦਾ ਤੋਂ ਜਿਆਦਾ ਭੌਤਿਕ ਪਦਾਰਥ ਹੋਣ, ਹਰ ਪ੍ਰਕਾਰ ਦੀਆਂ ਸਹੂਲਤਾਂ ਹੋਣ। ਮੈਂ ਆਹ ਹੋਵਾਂ, ਮੇਰੇ ਪੁੱਤ, ਧੀਆਂ, ਪਤਨੀ, ਸਬੰਧੀ ਔਹ ਹੋਣ, ਆਹ ਹੋਣ ਆਦਿ। ਬੇ-ਅਥਾਹ ਇੱਛਾ ਲਾਲਸਾ ਬਣ ਜਾਂਦੀ ਹੈ।

ਲਾਲਚ ਮਨੁੱਖ ਨੂੰ ਖਾ ਜਾਂਦਾ ਹੈ। ਇੱਛਾ ਦਾ ਗੁਲਾਮ ਮਨੁੱਖ, ਇੱਛਾਵਾਂ ਦੀ ਧਾਰਾ ਵਿੱਚ ਉਵੇਂ ਹੀ ਫਸ ਕੇ ਮਰ ਜਾਂਦਾ ਹੈ ਜਿਵੇਂ ਮਕੜੀ ਆਪਣੇ ਹੀ ਬਣਾਏ ਜਾਲੇ ਵਿੱਚ ਫਸ ਕੇ ਮਰ ਜਾਂਦੀ ਹੈ। ਮਨ ਵਿੱਚ ਕੋਈ ਚੰਗੀ ਲੱਗਣ ਵਾਲੀ ਸੰਵੇਦਨਾ ਜਾਗੀ ਤਾਂ ਭੋਗਣ ਦੀ ਇੱਛਾ ਜਾਗ ਪੈਂਦੀ ਹੈ। ਇਹ ਭੋਗ-ਵਿਲਾਸ ਕੀ ਹੈ? ਭੋਗ ਇੱਕ ਸ਼ਰੀਰਕ ਲੋੜ ਹੈ। ਭੋਗ ਜਦ ਅਸੀਂ ਇੱਕ ਸੀਮਾਂ ਵਿੱਚ ਕਰਦੇ ਹਾਂ ਤਾਂ ਇਹ ਸੁੱਖ ਦਿੰਦਾ ਹੈ, ਜਦ ਅਸੀਂ ਅਸੀਮਤ ਭੋਗ ਕਰਦੇ ਹਾਂ ਤਾਂ ਦੁੱਖ ਦਿੰਦਾ ਹੈ। ਗੁਰੂ ਰਵਿਦਾਸ ਜੀ ਕਹਿੰਦੇ-

ਮ੍ਰਿਗ, ਮੀਨ, ਭ੍ਰਿੰਡ, ਪਤੰਗ, ਕੁੰਚਰ ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾਮਹਿ, ਤਾਂ ਕੀ ਕੇਤਕ ਕੀ ਆਸ।।

ਹਿਰਨ ਨਾਦ ਸੁਣਨ ਦਾ ਆਸ਼ਕ ਹੈ। ਉਹ ਕੰਨਾਂ ਦੇ ਵਿਸ਼ੇ ਕਾਰਨ ਸ਼ਿਕਾਰੀ ਦੁਆਰਾ ਵਜਾਇਆ ਜੰਤਰ ਸੁਣਨ ਜਾਂਦਾ ਹੈ ਤੇ ਸ਼ਿਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਮੱਛੀ ਜੀਭ ਦੇ ਰਸ ਦੀ ਮਾਰੀ, ਮਾਛੀ ਦੀ ਕੁੰਡੀ ਵਿੱਚ ਫਸ ਜਾਂਦੀ ਹੈ। ਭੌਰਾ ਫੁਲ ਦੀ ਸੁਗੰਧੀ ਦੇ ਕਾਰਨ ਫੁੱਲ ਉੱਤੇ ਬੈਠਾ ਰਹਿੰਦਾ ਹੈ ਅਤੇ ਜਦ ਰਾਤ ਨੂੰ ਫੁੱਲ ਬੰਦ ਹੋ ਜਾਂਦਾ ਹੈ ਤਾਂ ਭੌਰਾ ਵਿੱਚ ਕੈਦ ਹੋ ਕੇ ਮਾਰਿਆ ਜਾਂਦਾ ਹੈ। ਪਤੰਗੇ ਨੂੰ ਦੀਵੇ ਦੀ ਲਾਟ ਸੋਹਣੀ ਲਗਦੀ ਹੈ। ਸੁਹਣੇ ਤੋਂ ਸੋਹਣਾ ਦੇਖਣ ਲਈ ਅੱਖਾਂ ਦੇ ਐਬ ਕਾਰਨ ਉਹ ਦੀਵੇ ਦੁਆਲੇ ਸੜ ਕੇ ਸੁਆਹ ਹੋ ਜਾਂਦਾ ਹੈ। ਹਾਥੀ ਕਾਮ ਕਾਰਨ ਕਮਲਾ ਹੋ ਕੇ ਮਹਾਵਤਾਂ ਦੁਆਰਾ ਬਣਾਈ ਝੂਠੀ ਹਥਣੀ ਪਿੱਛੇ ਜਾਂਦਾ ਟੋਏ ਵਿੱਚ ਡਿੱਗ ਪੈਦਾ ਹੈ। ਮਹਾਵਤ ਉਹਨੂੰ ਕਾਬੂ ਕਰ ਲੈਂਦੇ ਹਨ। ਇਹਨਾਂ ਪੰਜਾਂ ਨੂੰ ਤਾਂ ਇੱਕ ਇੱਕ ਐਬ ਨੇਂ ਹੀ ਖਤਮ ਕਰ ਦਿੱਤਾ ਹੈ। ਪ੍ਰੰਤੂ ਮਨੁੱਖ ਨੂੰ ਤਾਂ ਇਹ ਪੰਜੇ ਐਬ ਲੱਗੇ ਹੋਏ ਹਨ।

ਵਿਸ਼ੈ-ਵਿਕਾਰ, ਭੋਗ-ਵਿਲਾਸੀ ਮੂਰਖ ਮਨੁੱਖ ਨੂੰ ਬਰਬਾਦ ਕਰ ਦਿੰਦੇ ਹਨ। ਮੂਰਖ ਮਨੁੱਖ ਵੇਕਾਰਾਂ ਦੀ ਪੂਰਤੀ ਲਈ ਵੱਧ ਤੋਂ ਵੱਧ ਧਨ ਇਕੱਠਾ ਕਰਨ ਲਗਦਾ ਹੈ। ਜਿਸ ਨਾਲ ਮਨੁੱਖ ਵਿੱਚ ਮਲਕੀਅਤ ਦੀ ਭਾਵਨਾ ਪੈਦਾ ਹੁੰਦੀ ਹੈ। ਮਲਕੀਅਤ ਦੀ ਭਾਵਨਾ ਨਿਜੀ ਜਾਇਦਾਦ ਨੂੰ ਜਨਮ ਦਿੰਦੀ ਹੈ। ਇਹ ਨਿੱਜੀ ਜਾਇਦਾਦ ਦੇ ਰੂਪ ਵਿੱਚ ਧੱਨ ਇਕੱਠਾ ਕਰਨ ਦੀ ਇੱਛਾ-ਲਾਲਸਾ ਹੀ ਸਭ ਪ੍ਰਕਾਰ ਦੇ ਦੁੱਖਾਂ ਦਾ ਮੂਲ ਕਾਰਨ ਹੈ। ਇਹ ਵਿਅਕਤੀਗਤ ਹੀ ਨਹੀਂ ਬਲਕਿ ਸਮਾਜ ਨੂੰ ਵੀ ਦੁੱਖੀ ਕਰਦੀ ਹੇ। ਇਸ ਨਾਲ ਸਮਾਜ ਵਿੱਚ ਝਗੜਾ ਪੈਦਾ ਹੁੰਦਾ ਹੈ। ਇਹ ਇੱਕ ਵਰਗ ਲਈ ਸੁੱਖ ਅਤੇ ਦੂਜੇ ਲਈ ਦੁੱਖ ਪੈਦਾ ਕਰਦੀ ਹੈ। ਇਕ ਵਰਗ ਲਈ ਤਾਕਤ ਅਤੇ ਦੂਜੇ ਲਈ ਮੁਸੀਬਤਾਂ ਪੈਦਾ ਕਰਦੀ ਹੈ। ਮੁਸੀਬਤਾਂ ਦੁੱਖ ਹਨ।

ਇਸ ਲਈ ਵਿਸ਼ੇ ਵਿਕਾਰਾ ਦਾ ਆਦਿ ਮਨੁੱਖ ਦੁਰਾਚਾਰੀ ਹੁੰਦਾ ਹੈ। ਇੱਕ ਦੁਰਾਚਾਰੀ ਮਨੁੱਖ ਆਪਣੇ ਮਨ, ਇੱਛਾ, ਭੋਗ, ਵਿਸ਼ੇ, ਵਿਕਾਰਾਂ ਦੀ ਪੂਰਤੀ ਲਈ, ਦੂਸਰੇ ਮਨੁੱਖ ਦਾ ਸ਼ੋਸ਼ਣ ਕਰਕੇ ਇਹ ਸਭ ਦੁੱਖ ਹੀ ਦੁੱਖ ਪੈਦਾ ਕਰਦਾ ਹੈ। ਅਜਿਹਾ ਕਰਕੇ ਦੁਰਾਚਾਰੀ ਮਨੁੱਖ ਸਿਰਫ ਆਪ ਹੀ ਦੁੱਖੀ ਨਹੀਂ ਹੁੰਦਾ ਬਲਕਿ ਸੈਂਕੜੇ ਸਕੇ ਸਬੰਧੀਆਂ, ਰਿਸ਼ਤੇਦਾਰਾਂ, ਮਿੱਤਰਾਂ, ਦੋਸਤਾਂ ਅਤੇ ਸਮਾਜ ਨੂੰ ਵੀ ਦੁੱਖੀ ਕਰਦਾ ਹੈ। ਦੁਰਾਚਾਰ ਦਾ ਅੰਤ ਸਦਾਚਾਰ ਹੈ। ਗੁਰੂ ਰਵਿਦਾਸ ਜੀ ਕਹਿੰਦੇ,

ਸਤਿ ਸੰਤੋਖ ਔਰ ਸਦਾਚਾਰ, ਮਾਨਵ ਜੀਵਨ ਕੇ ਅਧਾਰ,
ਰਵਿਦਾਸ ਬੇਗ਼ਮਪੁਰ ਵਸੈ,
ਜਿਨ ਤਿਆਗੇ ਪੰਜ ਵਿਕਾਰ।। 'ਸੋਹੂੰ'

ਸਦਾਚਾਰ ਦਾ ਅਰਥ ਹੈ ਜੀਵਨ ਦੇ ਸਭ ਖੇਤਰਾਂ ਵਿੱਚ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਚੰਗਾ ਵਿਵਹਾਰ। ਇਹ ਚੰਗਾ ਵਿਵਹਾਰ ਹੀ ਸਾਨੂੰ ਆਪਸ 'ਚ ਜੋੜਦਾ ਹੈ, ਇਹ ਜੋੜ-ਸਭ-ਸੰਗਤ ਹੀ ਸਦਾਚਾਰ ਹੈ। ਸਦਾਚਾਰ ਸੁੱਖ ਹੈ। ਸੁੱਖ, ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਹੀ ਨਿਰਬਾਣ ਹੈ। ਨਿਰਬਾਣ ਬੇਗ਼ਮਪੁਰਾ ਹੀ 'ਗ਼ਮ ਰਹਿਤ' ਗਿਆਨ ਅਵਸਥਾ ਹੈ। ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰਾ ਦੀ ਸਿਰਜਨਾ ਦੇ ਦੋ ਮਾਰਗ ਹਨ। ਪਹਿਲਾਂ ਗਿਆਨ ਅਵਸਥਾ ਦੀ ਪ੍ਰਾਪਤੀ ਹੈ ਅਤੇ ਦੂਜਾ ਸਮਾਜ ਵਿਵਸਥਾ ਪ੍ਰੀਵਰਤਨ ਹੈ। ਪਹਿਲਾਂ ਨਿੱਜੀ ਮਾਰਗ ਹੈ ਅਤੇ ਦੂਜਾ ਸਮੂਹਿਕ ਮਾਰਗ ਹੈ। ਗਿਆਨ ਅਵਸਥਾ ਦੇ ਮਾਰਗ ਪ੍ਰਤੀ ਗੁਰੂ ਜੀ ਫ਼ਰਮਾਉਂਦੇ ਹਨ-

ਮਨ ਤੇ ਰਾਜ ਕਰ ਵਸ ਆਪਣੇ, ਸੁੱਖ ਘਰ ਹੈ ਦੋਈ ਠਾਵ।
ਰਵਿਦਾਸ ਇੱਕ ਸੁੱਖ ਨਿਰਵਾਣ ਵਿੱਚ, ਦੂਜਾ ਹੈ ਸਵਰਾਜ।।

ਗੁਰੂ ਜੀ ਕਹਿੰਦੇ, ਦੁਰਾਚਾਰੀ ਅਵਸਥਾ ਅਤੇ ਅਸਮਾਨਤਾ ਅਧਾਰਤ ਸਮਾਜ-ਵਿਵਸਥਾ ਨੂੰ ਸੋਹੂੰ ਦੇ ਸਿਧਾਂਤ; ਗਿਆਨ, ਪ੍ਰੱਗਿਆ, ਕਰੁਣਾ, ਸ਼ੀਲ, ਸਮਾਧੀ ਦੇ ਮਾਰਗ 'ਤੇ ਚਲਦੇ, ਨਿਰਵਾਣ ਪ੍ਰਾਪਤ ਕਰਕੇ, ਬੇਗ਼ਮਪੁਰਾ ਦਾ ਵਾਸੀ ਹੋ ਸਕਦਾ ਹੈ। ਜਿੱਥੇ ਮਨੁੱਖ ਆਪ ਵੀ ਸੁੱਖੀ ਜੀਵਨ ਜਿਉਂ ਸਕਦਾ ਹੈ ਅਤੇ ਦੂਜਿਆ ਨੂੰ ਵੀ ਸੁੱਖੀ ਬਣਾ ਸਕਦਾ ਹੈ।

ਅੰਤ! ਗੁਰੂ ਰਵਿਦਾਸ ਜੀ ਦਾ 'ਸੋਹੂੰ' ਨਿਰਬਾਣ ਮਾਰਗ, ਇਸੇ ਸੰਸਾਰ ਵਿੱਚ, ਇਸੇ ਧਰਤੀ 'ਤੇ, ਇਸੇ ਜੀਵਨ ਵਿਚ ਬੇਗ਼ਮਪੁਰਾ ਦੀ ਸਿਰਜਨਾ ਦਾ ਮਾਰਗ ਹੈ। ਸੰਸਾਰ ਵਿਚ ਚਾਰ ਤਰ੍ਹਾਂ ਦੇ ਪ੍ਰਾਣੀ (ਪੁਰਸ਼) ਪੈਦਾ ਹੁੰਦੇ ਹਨ। ਇਕ ਉਹ ਪੁਰਸ਼ ਪੈਦਾ ਹੁੰਦੇ ਹਨ ਜੋ ਜਨਮ ਲੈਂਦੇ ਹਨ, ਖਾਂਦੇ ਪੀਂਦੇ ਹਨ, ਰਾਤ ਨੂੰ ਸੌਂ ਜਾਂਦੇ ਹਨ, ਸਵੇਰੇ ਉੱਠਦੇ ਹਨ ਫਿਰ ਇਸੇ ਪ੍ਰਕਿਰਿਆ ਵਿਚ ਲੱਗ ਜਾਂਦੇ ਹਨ ਅਤੇ ਇਸੇ ਤਰ੍ਹਾਂ ਜੀਵਨ ਗੁਜਾਰ ਕੇ ਮਰ ਜਾਂਦੇ ਹਨ। ਨਾ ਉਹ ਆਪਣਾ ਕੁੱਝ ਸਵਾਰਦੇ ਹਨ ਤੇ ਨਾ ਸਮਾਜ ਦਾ ਕੁੱਝ ਸਵਾਰਦੇ ਹਨ। ਉਹ ਜਾਨਵਰਾਂ ਦੀ ਤਰ੍ਹਾਂ ਜਨਮ ਲੈਂਦੇ ਹਨ ਤੇ ਜਾਨਵਰਾਂ ਦੀ ਤਰ੍ਹਾਂ ਮਰ ਜਾਂਦੇ ਹਨ। ਇਤਿਹਾਸ ਵਿਚ ਉਨ੍ਹਾਂ ਦਾ ਕਿਧਰੇ ਨਾਮੋ ਨਿਸ਼ਾਨ ਨਹੀਂ ਰਹਿੰਦਾ। ਦੂਜੀ ਤਰ੍ਹਾਂ ਦੇ ਉਹ ਪੁਰਸ਼ ਪੈਦਾ ਹੁੰਦੇ ਹਨ ਜੋ ਸਾਰੀ ਉਮਰ ਬੇਇਮਾਨੀ ਨਾਲ ਦੌਲਤ ਇਕੱਠੀ ਕਰਨ ਵਿਚ ਲੱਗੇ ਰਹਿੰਦੇ ਹਨ। ਹੋਰ ਧਨ, ਹੋਰ ਧਨ ਦੀ ਆੜ ਵਿਚ ਧਨ ਇਕੱਠਾ ਕਰਦੇ-ਕਰਦੇ ਮਰ ਜਾਂਦੇ ਹਨ। ਧਨ ਦੌਲਤ ਦੀ ਵੰਡ ਲਈ ਪਿੱਛੋਂ ਉਨ੍ਹਾਂ ਦੀ ਸੰਤਾਨ ਆਪਸ ਵਿਚ ਲੜਦੀ ਝਗੜਦੀ ਹੈ। ਪਰਿਵਾਰਕ ਪਿਆਰ, ਨਫਰਤ ਤੇ ਦੁਸ਼ਮਣੀ ਵਿਚ ਬਦਲ ਜਾਂਦਾ ਹੈ। ਕਲੇਸ਼ ਵਿੱਚ ਧਨ ਦੌਲਤ ਇੱਥੇ ਖਤਮ ਹੋ ਜਾਂਦਾ ਹੈ। ਲੜਦੇ-ਲੜਦੇ ਉਹ ਵੀ ਮਰ ਜਾਂਦੇ ਹਨ। ਅਜਿਹੀ ਕਿਸਮ ਦੇ ਪੁਰਸ਼ਾਂ ਦਾ ਵੀ ਇਤਿਹਾਸ ਵਿਚ ਨਾਮ ਨਹੀਂ ਰਹਿੰਦਾ।

ਤੀਜੀ ਕਿਸਮ ਦੇ ਉਹ ਪੁਰਸ਼ ਹਨ ਜੋ ਜਨਮ ਲੈਂਦੇ ਹਨ ਪਰ ਸਮਾਜ ਦੀਆਂ ਸਮੱਸਿਆਵਾਂ ਨੂੰ ਵੇਖ ਕੇ ਸਹਿਮ ਜਾਂਦੇ ਹਨ। ਸਮੱਸਿਆਵਾਂ ਨਾਲ ਜੂਝਦੇ ਨਹੀਂ, ਸਗੋਂ ਸਮਾਜ ਨੂੰ ਛੱਡਕੇ ਪਹਾੜਾਂ, ਜੰਗਲਾਂ ਵੱਲ ਚਲੇ ਜਾਂਦੇ ਹਨ। ਉੱਥੇ ਸਮੱਸਿਆਵਾਂ ਦਾ ਹੱਲ ਲੱਭਦੇ-ਲੱਭਦੇ ਖਤਮ ਹੋ ਜਾਂਦੇ ਹਨ। ਸਮਾਜ ਵਿਚ ਇਹੋ ਜਿਹੇ ਪੁਰਸ਼ਾਂ ਦਾ ਵੀ ਕਿਧਰੇ ਨਾਮੋ ਨਿਸ਼ਾਨ ਨਹੀਂ ਰਹਿੰਦਾ।

ਚੌਥੀ ਤਰ੍ਹਾਂ ਦੇ ਉਹ ਪੁਰਸ਼ ਹਨ ਜੋ ਸਮਾਜ ਵਿਚ ਜਿੱਥੇ ਉਹ ਜਨਮ ਲੈਂਦੇ ਹਨ ਉੱਥੇ ਦੀਆਂ ਪ੍ਰਸਥਿੱਤੀਆਂ ਨੂੰ ਸਮਝਕੇ, ਮੌਜੂਦਾ ਸਮੱਸਿਆਵਾਂ ਨੂੰ ਉਭਾਰਦੇ ਹੀ ਨਹੀਂ, ਬਲਕਿ ਉਨ੍ਹਾਂ ਨੂੰ ਨਜਿੱਠਦੇ ਵੀ ਹਨ ਅਤੇ ਅੱਗੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਰਸਤਾ ਵੀ ਵਿਖਾਉਂਦੇ ਹਨ। ਅਜਿਹੇ ਪੁਰਸ਼, ਪੁਰਸ਼ ਨਹੀ, ਮਹਾਂਪੁਰਸ਼ ਹੁੰਦੇ ਹਨ। ਮਹਾਂਪੁਰਸ਼ਾਂ ਦਾ ਜੀਵਨ ਬ੍ਰਿਤਾਂਤ ਇਤਿਹਾਸ ਬਣਦਾ ਹੈ। ਇਤਿਹਾਸ ਕੌਮਾਂ ਦਾ ਮਾਰਗ ਦਰਸ਼ਨ ਹੁੰਦਾ ਹੈ। ਇਤਿਹਾਸ ਤੋਂ ਪ੍ਰੇਰਨਾ ਲੈ ਕੇ ਕੌਮਾਂ ਅਜ਼ਾਦੀ ਪ੍ਰਾਪਤ ਕਰਦੀਆਂ ਹਨ। ਗੁਰੂ ਰਵਿਦਾਸ ਜੀ ਕਹਿੰਦੇ, 'ਮਨੁੱਖਾ ਜੀਵਨ ਦੁਰਲੱਭ' ਹੈ। 'ਮਨੁੱਖਾ ਜੀਵਨ ਨੂੰ ਅੰਜਾਈ ਨਹੀਂ ਗੁਆਉਣਾ ਚਾਹੀਦਾ। ਹਰ ਮਨੁੱਖ ਨੂੰ ਆਪਣੇ ਜੀਵਨ ਨੂੰ ਉਪਯੋਗੀ ਪਾਸੇ ਭਾਵ ਬੇਗ਼ਮਪੁਰਾ ਦੀ ਸਿਰਜਨਾ ਲਈ ਲਾਉਣਾ ਚਾਹੀਦਾ ਹੈ।

## ਅਪਨੀਤ ਰਿਆਤ ਨੇ ਏ.ਡੀ.ਸੀ.(ਵਿਕਾਸ) ਵਜੋਂ ਅਹੁਦਾ ਸੰਭਾਲਿਆ



ਨਵਾਂਸ਼ਹਿਰ- (ਰੇਸ਼ਮ ਕਰਨਾ ਣਵੀ)- 2011 ਬੈਚ ਦੀ ਆਈ.ਏ.ਐਸ. ਅਧਿਕਾਰੀ ਅਪਨੀਤ ਰਿਆਤ ਨੇ ਅੱਜ ਇੱਥੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਜੋਂ ਅਹੁਦਾ ਸੰਭਾਲ ਲਿਆ। ਉਹ ਇਸ ਤੋਂ ਪਹਿਲਾਂ ਜਗਰਾਉਂ ਵਿਖੇ ਐਸ.ਡੀ.ਐਮ. ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਏ.ਡੀ.ਸੀ. ਵਜੋਂ ਚਾਰਜ ਲੈਣ ਉਪਰੰਤ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਜ਼ਿਲ੍ਹੇ ਵਿੱਚ ਸੇਵਾਂ ਨਿਭਾਉਣ ਦਾ ਮੌਕਾ ਮਿ-ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਸ੍ਰੀ ਰਵਿੰਦਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਲੋਕਾਂ ਦੀ ਬੇਹਤਰੀ ਲਈ ਕੰਮ ਕਰਨਗੇ।

## ਸਰਕਾਰੀ ਮੁਹਿੰਮ ਤਹਿਤ ਧਰਮ ਪ੍ਰੀਵਰਤਨ ਕਾਰਨ ਓਬਾਮਾ ਨੇ ਨੂੰ ਮੋਦੀ ਧਾਰਮਿਕ ਆਜ਼ਾਦੀ ਦਾ ਮਸ਼ਵਰਾ ਦਿੱਤਾ

ਸਫਲ ਹੋ ਸਕੇਗਾ ਜੇ ਇਹ ਖੁਦ ਨੂੰ ਧਾਰਮਿਕ ਜਾਂ ਹੋਰ ਸੰਕੀਰਨ ਲੀਹਾਂ 'ਤੇ ਪਾਟੋ-ਧਾੜ ਨਹੀਂ ਹੋਣ ਦੇਵੇਗਾ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿੱਚ ਅਜਿਹੇ ਲੋਕਾਂ ਵੱਲੋਂ ਅਸਹਿਣਸ਼ੀਲਤਾ, ਹਿੰਸਾ ਅਤੇ ਦਹਿਸ਼ਤ ਫੈਲਾਈ ਜਾ ਰਹੀ ਹੈ ਜੋ ਆਪਣੇ ਅਕੀਦੇ 'ਤੇ ਪਹਿਰਾ ਦੇਣ ਦੀ ਗੱਲ ਕਰਦੇ ਹਨ। ਅਮਰੀਕਾ ਦੇ ਬੁਨਿਆਦੀ ਦਸਤਾਵੇਜ਼ਾਂ ਅਤੇ ਭਾਰਤ ਦੇ ਸੰਵਿਧਾਨ, ਦੋਵਾਂ ਵਿੱਚ ਧਾਰਮਿਕ ਆਜ਼ਾਦੀ ਦਰਜ ਕੀਤੀ ਗਈ ਹੈ ਅਤੇ ਸਰਕਾਰ ਤੇ ਹਰੇਕ ਨਾਗਰਿਕ ਦਾ ਫਰਜ਼ ਹੈ ਕਿ ਉਹ ਇਸ ਬੁਨਿਆਦੀ ਅਧਿਕਾਰ ਦੀ ਰਾਖੀ ਕਰੇ। ਇਸ ਦੌਰਾਨ ਸ੍ਰੀ ਓਬਾਮਾ ਨੇ ਬਾਲੀਵੁਡ ਸਟਾਰ ਸ਼ਾਹਰੁਖ ਖ਼ਾਨ ਦੀ ਫ਼ਿਲਮ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਦਾ ਇਕ ਡਾਇਲਗ 'ਸੇਨੋਰੀਟਾ' 'ਬੜੇ-ਬੜੇ ਦੇਸ਼ੋਂ ਮੇਂ ਛੋਟੀ-ਛੋਟੀ ਬਾਤੇਂ ਹੋਤੀ ਰਹਿਤੀ ਹੈਂ' ਬੋਲ ਕੇ ਖੂਬ ਤਾੜੀਆਂ ਭੋਟੀਆਂ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਮਨੁੱਖੀ ਕਦਰਾਂ-ਕੀਮਤਾਂ ਦਾ ਨੁਕਤਾ ਉਭਾਰਨ ਲਈ ਸ਼ਾਹਰੁਖ ਖ਼ਾਨ, ਮਿਲਖਾ ਸਿੰਘ, ਮੈਰੀਕੌਮ ਅਤੇ ਨੋਬੇਲ ਪੁਰਸਕਾਰ ਜੇਤੂ ਕੈਲਾਸ਼ ਸਤਿਆਰਥੀ ਦਾ ਹਵਾਲਾ ਦਿੱਤਾ। ਇਸ ਦੌਰਾਨ ਉਨ੍ਹਾਂ ਭਾਰਤ ਦੀ ਅਨੇਕਤਾ ਦੀ ਦਾਦ ਦਿੰਦਿਆਂ ਕਿਹਾ, ''ਅਸੀਂ ਭਾਵੇਂ ਗੈਰ-ਬਰਾਬਰੀ ਨਾਲ ਭਰੀ ਦੁਨੀਆਂ ਵਿੱਚ ਰਹਿ ਰਹੇ ਹਾਂ ਪਰ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਇਕ ਲਾਂਗਰੀ ਦਾ ਪੋਤਾ (ਖ਼ੁਦ ਓਬਾਮਾ) ਰਾਸ਼ਟਰਪਤੀ ਬਣ ਸਕਦਾ ਹੈ ਅਤੇ ਇਕ ਚਾਹ ਵੇਚਣ ਵਾਲਾ ਪ੍ਰਧਾਨ ਮੰਤਰੀ ਬਣ ਸਕਦਾ ਹੈ।'' ਨਾਲ ਹੀ ਉਨ੍ਹਾਂ ਭਾਰਤੀ ਹਥਿਆਰਬੰਦ ਦਸਤਿਆਂ ਵਿੱਚ ਮਹਿਲਾਵਾਂ ਦੀ ਮੌਜੂਦਗੀ ਨੂੰ ਤਸੱਲੀਬਖਸ਼ ਕਰਾਰ ਦਿੱਤਾ।

# ਸੱਭਿਆਚਾਰਕ ਇਨਕਲਾਬ ਦੇ ਮੋਢੀ : ਗੁਰੂ ਰਵਿਦਾਸ



ਹਰਮੇਸ ਜੱਸਲ

ਗੁਰੂ ਰਵਿਦਾਸ ਜੀ ਦੇ ਜੀਵਨ ਕਲਾ 'ਚ ਸਮਾਜਿਕ ਵਿਵਸਥਾ 'ਚ ਕਿਸ ਤਰ੍ਹਾਂ ਦੀ ਖੜੋਤ ਆ ਚੁੱਕੀ ਸੀ, ਇਸ ਦੇ ਹਾਲਾਤ ਦੀ ਵਿਆਖਿਆ ਕਰਦੇ ਹੋਏ, ਸ਼ੇਅਰ ਨੇ ਰੂਜ਼ਵੈਲਟ ਦੀ ਜੀਵਨ ਕਥਾ 'ਚ ਬਿਆਨ ਕੀਤੀ ਹੈ:

"ਹਰ ਫਿਰਕੇ ਅਤੇ ਸੰਸਥਾ ਦੇ ਜੀਵਨ 'ਚ ਇਕ ਸਮਾਂ ਅਜਿਹਾ ਵੀ ਆਉਂਦਾ ਹੈ ਜਦ ਇਸਦਾ ਵਧਣਾ ਫੁੱਲਣਾ ਬੰਦ ਹੋ ਜਾਂਦਾ ਹੈ ਅਤੇ ਉਨਤੀ ਰੁਕ ਜਾਂਦੀ ਹੈ। ਜਿਹਨਾਂ ਰਗਾਂ ਵਿਚ ਖ਼ੂਨ ਵਗਦਾ ਹੈ, ਉਹ ਸੁੱਕ ਕੇ ਸਖਤ ਹੋਣ ਲੱਗ ਪੈਂਦੀਆਂ ਹਨ। ਇਸ ਦੇ ਗੱਭਰੂਆਂ ਦੇ ਦਿਲਾਂ ਵਿਚ ਤਰੰਗਾਂ ਪੈਦਾ ਨਹੀਂ ਹੁੰਦੀਆਂ। ਇਸਦੇ ਬੁੱਢੇ ਸੁਪਨੇ ਦੇਖਣੋਂ ਛੱਡ ਦਿੰਦੇ ਹਨ। ਉਸ ਸਮੇਂ ਉਹ ਭੂਤਕਾਲ ਦੀਆਂ ਯਾਦਾਂ ਉਤੇ ਜੀਣ ਲੱਗ ਜਾਂਦੇ ਹਨ ਅਤੇ ਉਸੇ ਭੂਤਕਾਲ ਨੂੰ ਸਥਾਈ ਬਣਾਉਣ ਦਾ ਯਤਨ ਕਰਦੇ ਹਨ। ਜਦ ਇਹ ਮੌਤ ਦੇ ਚਿੰਨ ਪੈਦਾ ਹੋ ਜਾਂਦੇ ਹਨ ਤਾਂ ਅਸੀਂ ਇਸ ਨੂੰ ਬੋਰਬੋਨਿਜ਼ਮ ਦੇ ਨਾਂ ਨਾਲ ਪੁਕਾਰਦੇ ਹਾਂ ਅਤੇ ਬੋਰਬੋਨਿਜ਼ਮ ਦਾ ਪੱਕਾ ਪ੍ਰਮਾਣ ਇਹ ਹੈ ਕਿ ਰੋਗੀ ਸਰੀਰ ਨੂੰ ਅਪਾਹਿਜ਼ ਬਣਾ ਦੇਣ ਵਾਲੇ ਰੋਗ ਦਾ ਸ਼ਿਕਾਰ ਹੋਣ ਦੀ ਹਕੀਕਤ ਤੋਂ ਬੇਖਬਰ, ਇਸਦੇ ਇਲਾਜ ਦੀ ਵੀ ਖਾਸ ਲੋੜ ਨਹੀਂ ਸਮਝਦਾ।" (ਹਵਾਲਾ: ਰਾਨਾਡੇ, ਗਾਂਧੀ ਅਤੇ ਜਿਨਾਹ, ਪੰਨਾ 20-21, ਲੇਖਕ: ਡਾ. ਅੰਬੇਦਕਰ)। ਇਸ ਦੀ ਪ੍ਰੋੜ੍ਹਤਾ ਲਈ ਅਸੀਂ ਕੁਝ ਵਿਦਵਾਨਾਂ ਦੇ ਵਿਚਾਰ ਇੱਥੇ ਦਰਜ ਕਰਾਂਗੇ। ਬੁੱਧ ਰਾਮ ਤਾਇਰ ਲਿਖਦੇ ਹਨ ਕਿ ਉਸ ਸਮੇਂ, ਜਦਕਿ ਜਗਤ ਮਿੱਥਿਆ ਅਤੇ ਬਹੁ ਰੱਬੀ ਸਿੱਖਿਆ ਦੇ ਗੁੰਮਰਾਹਕੁੰਨ ਨਾਅਰਿਆਂ ਨੇ ਅਮਲਾਂ ਬਾਝੋਂ ਪ੍ਰੇਸ਼ਾਨ ਮਾਨਵ ਨੂੰ ਰਸਾਤਲ ਵਿਚ ਸੁੱਟਿਆ ਹੋਇਆ ਸੀ, ਤਿਆਗ ਕੇ ਫੋਕੇ ਫਲਸਫੇ ਤੇ ਕਿਰਤ ਦੀਆਂ ਬਹਾਰਾਂ ਦਾ ਗ.ਲ ਘੁੱਟਿਆ ਹੋਇਆ ਸੀ, ਜਾਤ ਪਾਤ ਦੇ ਵਿਤਕਰੇ ਨੇ ਸਮਾਜਿਕ ਰੌਣਕਾਂ ਨੂੰ ਖੇਰੂੰ ਖੇਰੂੰ ਕੀਤਾ ਹੋਇਆ ਸੀ, ਬਹੁਦੇਵ ਪੂਜਾ ਦੇ ਫਲਸਰੂਪ ਸਮਾਜ ਰਸਮਵਾਦ ਅਤੇ ਕੂੜਵਾਦ ਦੀਆਂ ਵਿਕਾਸ ਰਹਿਤ ਧੁੰਧਕਾਰੀ ਰਾਹਾਂ 'ਚ ਠੋਕਰਾਂ ਖਾ ਰਿਹਾ ਸੀ, ਮਸਾਵੀ ਹੱਕਾਂ ਦੀ ਬਹਾਰ ਦੀ ਥਾਂ ਜਾਤੀ ਮਹਾਨਤਾ ਦਾ ਕਾਲਾ ਜਾਦੂ ਸਮਾਜਿਕ ਉਸਾਰੀ ਉਜਾਲਿਆਂ ਉਤੇ ਪੂਰੀ ਤਰ੍ਹਾਂ ਛਾਇਆ ਹੋਇਆ ਸੀ, ਏਕਤਾ ਦੇ ਨਗਮੇ ਤਾਂ ਇਕ ਪਾਸੇ ਰਹੇ, ਭਾਰਤੀ ਰੰਗ-ਮੰਚ ਉਤੇ ਮਨੁੱਖੀ ਘ੍ਰਿਣਾ ਨੇ ਫਤੂਰ ਮਚਾਇਆ ਹੋਇਆ ਸੀ। ਹਿੰਦੂ ਰਸਮਵਾਦ, ਛੂਤ ਛਾਤ ਅਤੇ ਇਸਲਾਮ ਦੇ ਅਨੁਯਾਈ ਤੁਆਸਬ ਦੇ ਅੰਧਕਾਰ ਵਿਚ ਡੁੱਬਦੇ ਜਾ ਰਹੇ ਸਨ। (ਹਵਾਲਾ: ਪੰਜਾਬੀ ਦੁਨੀਆਂ, ਪੰਨਾ- 169-170, ਸਾਲ 1969, ਭਾਸ਼ਾ ਵਿਭਾਗ ਪੰਜਾਬ, ਪਟਿਆਲਾ) ਸ੍ਰੀਮਤੀ ਰਾਜਿੰਦਰ ਕੌਰ ਨੇ ਮੱਧਕਾਲੀਨ ਸਮਾਜ ਦਾ ਚਿਤ੍ਰਣ ਕਰਦੇ ਹੋਏ ਲਿਖਿਆ ਹੈ "ਉਸ ਸਮੇਂ ਦੀ ਧਾਰਮਿਕ ਅਤੇ ਸਮਾਜਿਕ ਸਥਿਤੀ ਉਪਰ ਡੂੰਘੀ ਝਾਤ ਮਾਰੀਏ ਤਾਂ ਦੇਖਦੇ ਹਾਂ ਕਿ ਵੈਸ਼ਨਵ ਨੱਚਣ ਕੁੱਦਣ 'ਚ ਲੀਨ ਸਨ, ਮੁਸਲਮਾਨ ਫੋਕਟ ਸ਼ਰਾ ਵਿਚ ਮਗਨ, ਜੈਨੀ ਮਲੀਨਤਾ ਵਿਚ ਮਸਤ, ਜੋਗੀ ਦਿਖਾਵੇ ਦੀਆਂ ਸੁੰਨ ਸਮਾਧੀਆਂ ਵਿਚ ਲੱਗੇ ਹੋਏ, ਪੰਡਿਤ ਕਿਤਾਬੀ ਗਿਆਨ ਦੇ ਚੱਕਰ ਹੰਕਾਰ ਵਿਚ ਫਸੇ ਹੋਏ ਸਨ। ਰਾਜੇ-ਰਾਣੀਆਂ ਕੂੜ ਵਿਚ ਰੁੱਝੇ ਹੋਏ ਸਨ, ਪੁਜਾਰੀ ਸ਼੍ਰੇਣੀ, ਵਹਿਮਾਂ, ਪਾਖੰਡਾਂ ਤੇ ਰਸਮਾਂ ਵਿਚ ਰੁੱਝੀ ਹੋਈ ਅਤੇ ਭਗਤ ਜਨ ਮੂਰਤੀ ਪੂਜਾ ਤੇ ਬਗਲਾ ਸਮਾਧੀਆਂ ਵਿਚ ਜੁੜੇ ਹੋਏ ਸਨ, ਧਾਰਮਿਕ ਖੇਤਰ ਵਿਚ ਸਦਾਚਾਰਕ ਅਤੇ ਸਭਿਆਚਾਰਕ ਗਿਰਾਵਟ ਆ ਚੁੱਕੀ ਸੀ। ਬ੍ਰਾਹਮਣਵਾਦ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਪੰਜੇ ਵਿਚ ਗ੍ਰਹਿਸਿਆ ਹੋਇਆ ਸੀ। ਜਾਤਪਾਤ, ਛੂਆ ਛਾਤ ਜ਼ੋਰਾਂ 'ਤੇ ਸੀ। ਅਵਤਾਰਵਾਦ ਦੀ ਪ੍ਰਥਾ ਜ਼ੋਰਾਂ 'ਤੇ ਸੀ। ਮੜੀ, ਮਸਾਣ ਦੀ ਪੂਜਾ ਹੁੰਦੀ ਸੀ। ਧਰਮ ਜਾਂ ਵਿਸ਼ਵਾਸ ਵਰਗੀ ਕੋਈ ਚੀਜ਼ ਨਹੀਂ ਰਹੀ ਸੀ। ਭੁੱਲੀ ਭਟਕੀ ਜਨਤਾ ਕੁਰਾਹੇ ਪਈ ਹੋਈ ਸੀ। ਬ੍ਰਾਹਮਣ ਆਪਣੀ ਅਜੀਵਿਕਾ ਕਾਇਮ ਰੱਖਣ ਲਈ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਸਨ। ਧਰਮ ਕੀ ਹੈ, ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ ਸੀ। ਪਰ ਲੋਕੀ ਰੱਬ ਦੀ ਭਾਲ ਲਈ ਗ੍ਰਹਸਥ ਧਰਮ ਦਾ ਤਿਆਗ ਕਰਕੇ, ਪਿੰਡੇ 'ਤੇ ਬਿਭੂਤੀ ਮਲ, ਕੰਨ ਪੜਵਾ ਕੇ ਜੰਗਲਾਂ ਵਿਚ ਤੁਰ ਪੈਂਦੇ- ਰੱਬ ਨੂੰ ਮਿਲਣ ਲਈ ਕਝ. ਉਪਰਾਲੇ ਕਰਦੇ, ਚਿੱਲੇ ਕੱਟਦੇ, ਪੁੱਠੇ ਲਟਕਦੇ, ਪਰ ਪ੍ਰਾਪਤੀ ਫਿਰ ਵੀ ਨਾ ਹੁੰਦੀ। ਕਰਮ ਕਾਂਡਾਂ ਵਿਚ ਵਿਸ਼ਵਾਸ ਰੱਖਦੇ ਸਨ ਪਰ ਚੰਗੇ ਅਮਲ ਉਹਨਾਂ ਤੋਂ ਕੋਹਾਂ ਦੂਰ ਸਨ। ਦੇਸ਼ ਛੋਟੀਆਂ ਛੋਟੀਆਂ ਜਾਤਾਂ ਵਿਚ ਵੰਡਿਆ ਹੋਇਆ ਸੀ। ਸ਼ੂਦਰਾਂ ਨੂੰ ਕਹਿਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਅਤੇ ਬ੍ਰਾਹਮਣ ਭਾਵੇਂ ਸੌ ਗੁਨਾਹ ਕਰੇ, ਉਸਨੂੰ ਕੋਈ ਪੁੱਛਣ ਵਾਲਾ ਨਹੀਂ ਸੀ, ਕਿਉਂ ਜੋ ਉਹ ਉਚੀ ਜਾਤ ਦਾ ਸੀ। ਸੰਸਕ੍ਰਿਤ ਉਚੀ ਭਾਸ਼ਾ ਤੋਂ ਜਾਣੂ ਸੀ, ਕਰਮ ਭਾਵੇਂ ਜਿਹੋ ਜਿਹੇ ਮਰਜ਼ੀ ਕਰੇ, ਉਸ ਦਾ ਜਨਮ ਉਚ ਕੁੱਲ ਵਿਚ ਸੀ। ਨੀਵੇਂ ਨੂੰ ਮਾਰ ਪੈਂਦੀ ਸੀ, ਉਹ ਭਾਵੇਂ ਕਿੰਨੇ ਚੰਗੇ ਕਰਮ ਕਰਦਾ ਸੀ। (ਹਵਾਲਾ: ਪੰਜਾਬੀ ਦੁਨੀਆਂ, ਪੰਨਾ 240-46, ਸਾਲ ਨਵੰਬਰ-ਦਸੰਬਰ 1969) ਇਸੇ ਤਰ੍ਹਾਂ ਡਾ. ਗੋਕਲ ਚੰਦ ਨਾਰੰਗ ਲਿਖਦੇ ਹਨ "ਹਿੰਦੂਆਂ ਦੀ ਦਸ਼ਾ, ਉਸ ਸਮੇਂ ਬਹੁਤ ਘ੍ਰਿਣਾਯੋਗ ਸੀ। ਆਮ ਤੌਰ ਤੇ ਧਰਮ ਕੇਵਲ ਇਸ ਗੱਲ ਦਾ ਨਾਂ ਸੀ ਕਿ ਵਿਸ਼ੇਸ਼ ਢੰਗ ਨਾਲ ਚੁੱਲਾ ਚੌਕਾ ਬਣਾ ਕੇ ਰਸੋਈ ਤਿਆਰ ਕਰਨਾ, ਤੀਰਥ-ਇਸ਼ਨਾਨ ਜਾਂ ਅੰਧਾ-ਧੁੰਧ ਅਨੁਸਾਰਣ। ਵੇਦ ਸ਼ਾਸਤਰ ਕੇਵਲ ਪੰਡਤਾਂ ਦੀ ਜਾਗੀਰ ਸੀ। ਨਕਲ ਨੇ ਅਸਲ ਨੂੰ ਦੱਬ ਲਿਆ ਸੀ। ਹਿੰਦੂ ਧਰਮ ਦੇ ਉਚ ਆਤਮਕ ਭਾਵ ਦਿਖਾਵੇ ਹੇਠ ਆ ਚੁੱਕੇ ਸਨ। ਗੁਲਾਮੀ ਨੇ ਹਿੰਦੂਆਂ ਦੇ ਹੌਸਲੇ ਨੂੰ ਲੱਗਭੱਗ ਖਤਮ ਕਰ ਦਿੱਤਾ ਸੀ। (ਹਵਾਲਾ: ਟਰਾਂਸਫਾਰਮੇਸ਼ਨ ਆਫ ਸਿੱਖਿਜ਼ਮ ਪੇਜ 5) ਪ੍ਰੋ: ਸੰਤ ਸਿੰਘ ਸੇਖੋਂ ਲਿਖਦੇ ਹਨ ਕਿ "ਜੇ ਮਹਿਮੂਦ ਗਜਨਵੀ ਨੇ ਭਾਰਤੀ ਰਾਜ ਸ਼੍ਰੇਣੀ ਨੂੰ ਸੈਨਿਕ ਪੱਖ ਤੋਂ ਨਿਪਟ ਖੋਖਲੀ ਤੇ ਸੱਤਾਹੀਣ ਸਿੱਧ ਕੀਤਾ ਤਾਂ ਉਸਦੇ ਨਾਲ ਆਏ ਅਲਬਰੂਨੀ ਨੇ ਬੌਧਿਕ ਅਤੇ ਸਭਿਆਚਾਰਕ ਪੱਖ ਤੋਂ ਭਾਰਤੀ ਸਭਿਅਤਾ ਨੂੰ ਉਸ ਤੋਂ ਵਧੇਰੇ ਸੱਖਣੀ ਸਿੱਧ ਕੀਤਾ। ਇਸ ਤੋਂ ਸੌ ਵਰ੍ਹੇ ਪਿੱਛੋਂ ਸ਼ਹਾਬੂਦੀਨ ਗੌਰੀ, ਪ੍ਰਿਥਵੀ ਰਾਜ ਚੌਹਾਨ ਨੂੰ ਕੇਵਲ ਸੰਯੋਗ ਨਾਲ ਹੀ ਨਹੀਂ ਹਰਾ ਲੈਂਦਾ। ਪੰਜਾਬ ਤੇ ਸਿੰਧ ਉਤੇ ਦੋ ਸੌ ਸਾਲ ਦੇ ਮੁਸਲਮਾਨ ਰਾਜ ਦਾ ਸਥਾਪਤ ਰਹਿਣਾ ਸਿੱਧ ਕਰਦਾ ਹੈ ਕਿ ਉਸ ਸਮੇਂ ਦੀ ਭਾਰਤੀ ਸਭਿਅਤਾ ਖੋਖਲੀ ਹੋ ਚੁੱਕੀ ਸੀ। ਨਹੀਂ ਤਾਂ ਕੋਈ ਸਭਿਅਤਾ ਇਸ ਭਾਂਤ ਆਪਣੇ ਅੰਗ ਨੂੰ ਕਟਾ ਕੇ ਚੈਨ ਨਾਲ ਨਹੀਂ ਬੈਠ ਜਾਂਦੀ।" (ਹਵਾਲਾ: ਪੰਜਾਬੀ ਦੁਨੀਆਂ, ਅੰਕ ਜੂਨ 1959, ਪੰਨਾ 153) ਇੰਨਾ ਲੰਬਾ ਚੌੜਾ ਵਿਸਥਾਰ ਅਸੀਂ ਇਸ ਕਰਕੇ ਦਿੱਤਾ ਹੈ ਕਿ ਪਾਠਕ ਉਸ ਮੱਧਕਾਲੀਨ ਭਾਰਤ ਦੀ ਹਾਲਾਤ ਤੋਂ ਚੰਗੀ ਤਰ੍ਹਾਂ ਜਾਣੂ ਹੋ ਸਕੇ, ਜਿਸ ਵਿਚੋਂ ਭਗਤੀ ਅੰਦੋਲਨ ਉਠਿਆ ਅਤੇ ਗੁਰੂ ਰਵਿਦਾਸ ਜੀ ਇਸ ਦੇ ਮੋਢੀਆਂ 'ਚੋਂ ਪ੍ਰਮੁੱਖ ਸਨ।

ਗੁਰੂ ਰਵਿਦਾਸ ਜੀ ਨੇ ਜਾਤ ਪਾਤ, ਵਰਣ ਵਿਵਸਥਾ, ਊਚ ਨੀਚ, ਭੇਦਭਾਵ, ਨਾਬਰਾਬਰੀ ਅਤੇ ਹਰ ਉਸ ਮਨੁੱਖੀ ਅਧਿਕਾਰ ਲਈ ਲੜਾਈ ਲੜੀ ਜਿਸ ਤੋਂ ਸਮਾਜ ਦੇ ਦੰਬੇ ਕੁਚਲੇ ਸਮਾਜ ਨੂੰ ਵਾਂਝੇ ਰੱਖਿਆ ਹੋਇਆ ਸੀ। ਚਾਹੇ ਉਹ ਬੇਹੂਦੇ ਵਿਵਾਦ ਦੇ ਖਿਲਾਫ ਇਕ ਈਸ਼ਵਰ ਦਾ ਨਾਅਰਾ ਸੀ। ਚਾਹੇ ਉਹ ਧਾਰਮਿਕ ਚਿੰਨਾਂ-ਤਿਲਕ, ਜਨੇਊ, ਧੋਤੀ, ਪੂਜਾ, ਸੰਖ ਵਜਾਉਣ ਦਾ ਮਸਲਾ ਸੀ। ਵਿੱਦਿਆ ਪ੍ਰਾਪਤ ਕਰਨ ਅਤੇ ਉਪਦੇਸ਼ ਦੇਣ ਅਤੇ 'ਗੁਰੂ' ਕਹਾਉਣ ਦਾ ਰੁਤਬਾ ਪਾਉਣ ਲਈ, ਉਹਨਾਂ ਨੇ ਉਚ ਕੋਟੀ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਬਹੁਤ ਸਾਰੇ ਰਾਜੇ-ਰਾਣੀਆਂ ਨੂੰ 'ਸਿੱਧ ਬਣਾਉਣ' ਦੀ ਖਾਤਰ ਭਾਰੀ ਕੀਮਤ ਚੁਕਾਉਣੀ ਪਈ। ਭਰੇ ਦਰਬਾਰਾਂ 'ਚ ਬਹਿਸ-ਮੁਕਾਬਲੇ ਹੋਏ। ਅੱਜ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ 40 ਸ਼ਬਦ ਅਤੇ ਇਕ ਸ਼ਲੋਕ ਮਿਲਦਾ ਹੈ ਪਰ ਜਿਉਂ ਜਿਉਂ ਖੋਜ ਹੋ ਰਹੀ ਹੈ, ਉਹਨਾਂ ਦੀ ਖਿੱਲਰੀ ਹੋਈ ਬਾਣੀ ਨੂੰ ਇਕੱਠਾ ਕੀਤਾ ਜਾ ਰਿਹਾ ਹੈ। ਪਿੱਛੇ ਜਿਹੇ 'ਅੰਮ੍ਰਿਤ ਬਾਣੀ' ਨਾਮਕ ਗ੍ਰੰਥ ਜਾਰੀ ਕੀਤਾ ਗਿਆ। ਉਸੇ ਆਧਾਰ ਉਪਰ ਗੁਰੂ ਰਵਿਦਾਸ ਜੀ ਦੇ ਕੁਝ ਕੁ ਸ਼ਲੋਕਾਂ ਦਾ ਵਰਣਨ ਕਰਾਂਗੇ ਅਤੇ ਦੇਖਾਂਗੇ ਕਿ ਗੁਰੂ ਰਵਿਦਾਸ ਜੀ ਨੇ ਬਿਹਤਰ ਸਮਾਜ ਦੀ ਉਸਾਰੀ ਵਾਸਤੇ ਕੀ ਸੰਦੇਸ਼ ਦਿੱਤਾ ਹੈ:

(1) ਜਾਤ ਪਾਤ ਦਾ ਵਿਰੋਧ
ਜਾਤ ਪਾਤ ਕੇ ਫੇਰ ਮੰਹਿ ਉਰਝਿ ਰਹਇ ਸਭ ਲੋਗ।
ਮਨੂੱਖਤਾ ਕੂੰ ਖਾਤ ਹਇ ਰਵਿਦਾਸ ਜਾਤ ਕਰ ਰੋਗ।।

(2) ਗਿਆਨ ਪੂਜਾ ਨਾ ਕਿ ਵਿਅਕਤੀ ਪੂਜਾ
ਰਵਿਦਾਸ ਬਾਹਮਨ ਮਤਿ ਪੂਜਿਯੇ ਜੇ ਹੋਵੈ ਗੁਨਹੀਨ।
ਪੂਜਿਹਿੰ ਚਰਨ ਚੰਡਾਲ ਕੇ ਜਉ ਹੋਵੈ ਗੁਨ ਪਰਬੀਨ।।

(3) ਅੰਧ ਵਿਸ਼ਵਾਸ ਨਹੀਂ ਅਨੁਭਵ
ਜਹੰ ਅੰਧ ਵਿਸ਼ਵਾਸ ਹੈ ਸਤਿ ਪਰਖ ਤਹੰ ਨਾਂਹਿ।
ਰਵਿਦਾਸ ਸਤਿ ਸੋਈ ਜਾਨਿਹੈ ਜੌਂ ਅਨਭਉ ਹੋਇ ਮਨਮਾਂਹਿ।।

(4) ਖੋਟੇ ਕਰਮ ਨਰਕ ਸਮਾਨ
ਜੂਆ ਮਾਸ ਮਧਰ ਬੇਸ਼ਿਆ ਹਿੰਸਾ ਚੋਰੀ ਕਾਰ।
ਜਿਹ ਖੋਟੇ ਕਰਮ ਹੈ ਡੋਬਨ ਨਰਕ ਮਝਾਰ।।

(5) ਯੋਗ ਦੀ ਬਜਾਏ ਸਿਮਰਨ
ਈੜਾ ਪਿੰਗਲਾ ਸੁਖਮਨਾ ਬਿਧ ਚਕ੍ਰ ਪ੍ਰਾਣਾਯਾਮ।
ਰਵਿਦਾਸ ਹੌਂ ਸਭਹਿ ਛਾਂਡਿਔਂ ਜਬਹਿ ਪਾਇਉਂ ਸਤਿਨਾਮ।।

(6) ਤੀਰਥ-ਜੰਗਲਾਂ ਦੀ ਬਜਾਏ ਸਾਧਨਾ
ਕਾ ਮਥੁਰਾ ਕਾ ਦਵਾਰਿਕਾ ਕਾ ਕਾਸ਼ੀ ਹਰਿਦਵਾਰ।
ਰਵਿਦਾਸ ਖੋਜਾ ਦਿਲ ਅਪਨਾ ਤਉ ਮਿਲਿਆ ਦਿਲਦਾਰ।।

(7) ਅਡੰਬਰ ਬੇਕਾਰ
ਦੇਤਾ ਰਹੇ ਹਜ਼ਾਰ ਬਰਸ ਮੁੱਲਾ ਚਾਹੇ ਅਜਾਨ।
ਰਵਿਦਾਸ ਖੁਦਾ ਨਹ ਮਿਲ ਸਕਈ ਜੌ ਲੌਂ ਮਨ ਸੈਤਾਨ।।

(8) ਗੁਲਾਮੀ ਪਾਪ ਸਮਾਨ
ਪਰਾਧੀਨਤਾ ਪਾਪ ਹੈ ਜਾਨ ਲੇਹੁਰੇ ਮੀਤ।
ਰਵਿਦਾਸ ਦਾਸ ਪਰਾਧੀਨ ਸੌਂ ਕੌਨ ਕਰੈ ਹੈ ਪ੍ਰੀਤ।।

(9) ਏਕਤਾ ਮਧੁਮੱਖੀਆਂ ਵਰਗੀ
ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।

(10) 'ਬੇਗਮਪੁਰਾ' ਦਾ ਸੁਪਨਾ
ਬੇਗਮਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।

(11) ਵਿੱਦਿਆ ਬਿਨ ਅੰਧੇਰ
ਮਾਧੋ ਅਵਿਦਿਆ ਹਿਤ ਕੀਨ।
ਬਿਬੇਕ ਦੀਪ ਮਲੀਨ।।

(12) ਪ੍ਰਾਣ ਜਾਏ ਪਰ ਵਚਨ ਨਾ ਜਾਏ
ਬਚਨ ਗਯੋ ਨਹ ਆਤ ਹੈ ਸੀਸ ਕਟਾ ਫਿਰ ਆਯ।
ਰਵਿਦਾਸ ਬਚਨ ਕੂ ਰਾਖਿਏ ਸਿਰ ਜਾਇਹਿ ਤਉ ਜਾਯ।।

(13) ਸੰਗ੍ਰਾਮ ਹੀ ਸੰਗ੍ਰਾਮ
ਧਰਮ ਹੇਤ ਸੰਗ੍ਰਾਮ ਮਹੰ ਜੋ ਕਟਾਏ ਕਾਟੇ ਸੀਸ।
ਸੋ ਜੀਵਨ ਸਫਲਾ ਭਯਾ ਰਵਿਦਾਸ ਮਿਲਹਿ ਜਗਦੀਸ।।
ਰਵਿਦਾਸ ਸੋਇ ਸੂਰਾ ਭਲਾ ਜਉ ਲਰੈ ਧਰਮ ਕੇ ਹੇਤ।
ਅੰਗ ਅੰਗ ਕਟ ਕੁਇ ਗਿਰੈ ਤਉ ਨ ਛਾਂਡੈ ਖੇਤ।।

(14) ਰਾਜ ਦਾ ਸਿਧਾਂਤ
ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ।
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।।

ਗੁਰੂ ਰਵਿਦਾਸ ਜੀ ਕਥਨੀ ਅਤੇ ਕਰਨੀ ਦੇ ਪੂਰੇ ਸਨ। ਉਹਨਾਂ ਨੇ ਆਪਣੀ ਬਾਣੀ 'ਚ ਨਾ ਸਿਰਫ ਸੰਦੇਸ਼ ਦਿੱਤਾ, ਬਲਕਿ ਆਪਣੇ ਬਚਨਾਂ ਨੂੰ ਪੂਰਾ ਕਰਨ ਲਈ, ਮਨ ਅਤੇ ਤਨ ਨਾਲ ਲੜਾਈ ਲੜੀ ਅਤੇ ਸੱਚੇ ਮਹਾਂਪੁਰਸ਼ ਹੋਣ ਦਾ ਸਬੂਤ ਦਿੱਤਾ।

ਡਾ. ਅੰਬੇਦਕਰ ਨੇ ਮਹਾਂਪੁਰਸ਼ ਦੀ ਕਲਪਨਾ ਕਰਦੇ ਹੋਏ ਲਿਖਿਆ ਹੈ ਕਿ "ਇਕ ਮਹਾਂਪੁਰਖ ਨੂੰ ਲਾਜ਼ਮੀ ਤੌਰ ਤੇ ਸਮਾਜਿਕ-ਉਦੇਸ਼ਾਂ ਦੀ ਪ੍ਰਬਲਤਾ ਨਾਲ ਪ੍ਰੇਰਿਤ ਹੋਣਾ ਚਾਹੀਦਾ ਹੈ ਅਤੇ ਉਹ ਸਮਾਜ ਨੂੰ ਬੁਰਾਈਆਂ ਤੋਂ ਸਾਫ ਕਰਨ ਲਈ ਇਕ ਭੰਗੀ ਦੀ ਤਰ੍ਹਾਂ ਸਫਾਈ ਦਾ ਕੰਮ ਕਰੇ।" ਇਸੇ ਤਰ੍ਹਾਂ ਸ੍ਰੀ ਰੋਲਮੇ ਨੇ ਇਕ ਬਾਗੀ ਦੇ ਕਾਰਨਾਮਿਆਂ ਦੀ ਵਿਆਖਿਆ ਕਰਦੇ ਹੋਏ, ਲਿਖਿਆ ਹੇ ਕਿ "ਇਕ ਬਾਗੀ ਦੀ ਮਨੁੱਖਤਾ, ਇਸੇ ਗੱਲ ਵਿਚ ਬਿਰਾਜਮਾਨ ਹੈ ਕਿ ਸਭਿਅਤਾ ਉਸ ਦੇ ਕਾਰਜਾਂ ਵਿਚੋਂ ਉਪਜਦੀ ਹੈ। ਇਕ ਬਾਗੀ ਦਾ ਕੰਮ ਹੁੰਦਾ ਹੈ- ਮਿੱਥੇ ਹੋਏ ਸਦਾਚਾਰਕ ਨਿਯਮਾਂ ਅਤੇ ਸਭਿਅਤਾ ਦੀ ਕਠੋਰ ਬਣਤਰ ਨੂੰ ਹਲੂਣ ਦੇਣਾ ਤਾਂ ਜੋ ਸਮਾਜ ਨੂੰ ਅਕੇਵੇਂ ਅਤੇ ਉਦਾਸੀਨਤਾ ਤੋਂ ਬਚਾਇਆ ਜਾ ਸਕੇ, ਚਾਹੇ ਅਜਿਹਾ ਕਰਨਾ ਕਿੰਨਾ ਵੀ ਦੁਖਦਾਈ ਕਿਉਂ ਨਾ ਹੋਵੇ। (ਹਵਾਲਾ ਪਾਵਰ ਐਂਡ ਇਨੋਸੈਂਸ ਬਾਈ ਰੋਲੋ ਮੇ)। ਇਹੋ ਜਿਹੇ ਸਨ ਸਾਡੇ ਗੁਰੂ ਰਵਿਦਾਸ ਜੀ, ਜਿਹਨਾਂ ਨੂੰ ਨਾ ਚਾਹੁੰਦੇ ਹੋਏ ਵੀ ਇਹੋ ਜਿਹੇ ਕੰਮ ਕਰਨੇ ਪਏ ਹੋਣਗੇ, ਜਿਹੋ ਜਿਹੇ ਆਪਣੇ ਮਨੁੱਖੀ ਹੱਕ ਪ੍ਰਾਪਤ ਕਰਨ ਦੇ ਸੰਗਰਾਮ 'ਚ ਡਾ. ਅੰਬੇਦਕਰ ਨੂੰ ਕਰਨੇ ਪਏ ਸਨ। ਡਾ. ਅੰਬੇਦਕਰ ਨੇ ਕਿਹਾ ਸੀ ਕਿ "ਮੈਂ ਆਪਣੇ ਵਿਰੋਧੀਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਚੋਦਾਰ ਤਲਾਬ ਵਿਚੋਂ ਪਾਣੀ ਇਸ ਲਈ ਨਹੀਂ ਲੈਣਾ ਚਾਹੁੰਦੇ ਕਿ ਅਸੀਂ ਉਸ ਪਾਣੀ ਤੋਂ ਬਗੈਰ ਮਰੇ ਜਾਂਦੇ ਹਾਂ, ਬਲਕਿ ਅਸੀਂ ਤਲਾਬ 'ਚੋਂ ਪਾਣੀ ਇਸ ਲਈ ਲੈਣਾ ਚਾਹੁੰਦੇ ਹਾਂ ਤਾਂ ਜੋ ਅਸੀਂ ਵੀ ਆਪਣਾ ਮਨੁੱਖੀ ਹੱਕ ਜਿਤਾ ਸਕੀਏ।" ਗੁਰੂ ਰਵਿਦਾਸ ਜੀ ਕਿੰਨੇ ਮਹਾਨ ਸਨ, ਇਸ ਗੱਲ ਦਾ ਅੰਦਾਜ਼ਾ ਇੱਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਵਿਸ਼ਵ ਪੱਧਰ ਦੇ ਵਿਦਵਾਨ ਡਾ. ਅੰਬੇਦਕਰ ਨੇ ਆਪਣਾ ਇਤਿਹਾਸਕ ਗ੍ਰੰਥ: ਅਛੂਤ ਕੌਣ ਅਤੇ ਕਿਵੇਂ?, ਗੁਰੂ ਰਵਿਦਾਸ, ਨੰਦਨਾਰ ਅਤੇ ਚੌਖਾ ਮੇਲਾ ਨੂੰ ਸਤਿਕਾਰ ਵਜੋਂ ਭੇਂਟ ਕੀਤਾ।

ਅੱਜ ਲੋੜ ਹੈ, ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਵਿਰਸੇ ਨੂੰ ਘਰ-ਘਰ ਪਹੁੰਚਾਉਣ ਦੀ। ਅੱਜ ਲੋੜ ਹੈ ਗੁਰੂ ਰਵਿਦਾਸ ਦੇ ਜੀਵਨ ਦੇ ਹਨੇਰੇ ਪੱਖ ਤੋਂ ਪਰਦਾ ਉਠਾਉਣ ਦੀ ਅਤੇ ਨਵੀਂ ਬਾਣੀ ਦੀ ਖੋਜ ਕਰਨ ਦੀ। ਅੱਜ ਲੋੜ ਹੈ, ਗੁਰੂ ਰਵਿਦਾਸ ਜੀ ਦੇ ਨਾਂ ਉਤੇ ਆਡੰਬਰ ਅਤੇ ਪਾਖੰਡ ਨੂੰ ਬੜਾਵਾ ਦੇਣ ਵਾਲੇ ਅਖੌਤੀ ਮੌਕਾਪ੍ਰਸਤਾਂ ਤੋਂ ਛੁਡਾਣ ਦੀ। ਅੱਜ ਲੋੜ ਹੈ ਫੁੱਟ ਪਾਊ ਤਾਕਤਾਂ ਤੋਂ ਉਚੇਤ ਹੋਣ ਦੀ, ਜਿਹੜੀਆਂ ਦਲਿਤ ਏਕਤਾ ਦੇ ਰਾਹ 'ਚ ਰੋੜੇ ਅਟਕਾਉਂਦੀਆਂ ਹਨ। ਅੱਜ ਲੋੜ ਹੈ ਗੁਰੂ ਰਵਿਦਾਸ ਦੇ ਨਾਂ ਉਪਰ, ਬਿਨਾਂ ਸੋਚੇ ਸਮਝੇ ਦਿਖਾਵੇ ਉਪਰ, ਪਾਣੀ ਦੀ ਤਰ੍ਹਾਂ ਲੋਕਾਂ ਦਾ ਧੰਨ ਬਰਬਾਦ ਕਰਨ ਵਾਲਿਆਂ ਨੂੰ ਨੱਥ ਪਾਉਣ ਦੀ। ਅੱਜ ਲੋੜ ਹੈ ਗੁਰੂ ਰਵਿਦਾਸ ਜੀ ਦੇ ਨਾਂ ਉਪਰ ਸਕੂਲ, ਕਾਲਜ, ਯੂਨੀਵਰਸਿਟੀ, ਹਸਪਤਾਲ, ਲਾਇਬ੍ਰੇਰੀਆਂ ਬਣਾਉਣ ਦੀ। ਅੱਜ ਲੋੜ ਹੈ, ਉਹਨਾਂ ਦੇ ਨਾਂ ਉਪਰ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਨੂੰ ਬੜਾਵਾ ਦੇਣ ਦੀ। ਅੱਜ ਲੋੜ ਹੈ ਰੋਜ਼ਾਨਾ ਅਖਬਾਰਾਂ ਦੀ ਜਿਹੜੀਆਂ ਕੌਮੀ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾ ਸਕਣ। ਅੱਜ ਲੋੜ ਹੈ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ।

ਸਭ ਤੋਂ ਵੱਡੀ ਗੱਲ, ਗੁਰੂ ਰਵਿਦਾਸ ਜੀ ਆਪਣਾ ਮਹਾਨ ਯੋਗਦਾਨ ਦੇ ਕੇ ਸੰਸਾਰ ਤੋਂ ਵਿਦਾ ਹੋ ਗਏ ਹਨ। ਹੁਣ ਉਹ ਦੁਬਾਰਾ, ਇਸ ਦੁਨੀਆਂ ਉਪਰ ਨਹੀਂ ਆਉਣਗੇ। ਹੁਣ ਸਾਨੂੰ ਆਪਣੀ ਮੁਕਤੀ ਲਈ ਆਪ ਹੀ ਹੰਭਲਾ ਮਾਰਨਾ ਪੈਣਾ ਹੈ, ਜਿਵੇਂ ਬੁੱਧ ਨੇ ਕਿਹਾ ਹੈ ਕਿ ਮਨੁੱਖ ਆਪਣਾ ਸਵਾਮੀ ਆਪ ਹੈ। ਕੋਈ ਦੂਸਰਾ ਉਸਦਾ ਮਾਲਕ ਨਹੀਂ ਹੋ ਸਕਦਾ।" ਜਦੋਂ ਕੋਈ ਇਨਸਾਨ ਆਪਣਾ ਮਾਲਕ ਆਪ ਬਣ ਜਾਂਦਾ ਹੈ, ਫਿਰ ਉਹ ਕਿਸੇ ਦੇ ਅਧੀਨ ਨਹੀਂ ਰਹਿੰਦਾ ਅਤੇ ਬੁੱਲ੍ਹੇਸ਼ਾਹ ਵਰਗਾ ਮਨਮਤੀਆ ਹੋ ਨਿਬੜਦਾ ਹੈ, ਜੋ ਕਹਿੰਦਾ ਹੈ:

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ
ਬੁੱਲ੍ਹਿਆ ਤੈਨੂੰ ਕਾਫ਼ਰ ਕਾਫ਼ਰ ਆਖਦੇ, ਤੂੰ ਆਹੋ ਆਹੋ ਆਖ,

ਅੱਜ ਲੋੜ ਹੈ, ਗੁਰੂ ਰਵਿਦਾਸ ਜੀ ਦੇ ਇਹੋ ਜਿਹੇ ਪੈਰੋਕਾਰਾਂ ਦੀ, ਜੋ ਰਵਾਇਤੀ ਕਰਮ-ਕਾਂਡਾਂ ਦੇ ਵਗਦੇ ਦਰਿਆਵਾਂ ਨੂੰ ਬੰਨ੍ਹ ਮਾਰ ਸਕਣ।

***91-946-44-83080***

# ਪੰਜਵੇਂ 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ' ਲਈ ਸ਼ਾਹਕਾਰ ਰਚਨਾਵਾਂ ਦੀ ਮੰਗ

ਪਿਆਰੇ ਕਹਾਣੀਕਾਰ ਦੋਸਤੋ ਇਸ ਨਵੇਂ ਸਾਲ 2015 ਦੀ ਆਮਦ ਤੇ ਤੁਹਾਡੇ ਨਾਲ ਇਹ ਖੁਸ਼ੀ ਭਰੀ ਖ਼ਬਰ ਸਾਂਝੀ ਕਰ ਰਹੇ ਹਾਂ ਕਿ ਪਰਵਾਸੀ ਲੇਖਕਾਂ ਵਿਚ ਕਹਾਣੀ ਵਿਧਾ ਪ੍ਰਤੀ ਵਧਦੇ ਸਿਰਜਨਾਤਮਕ ਉਤਸ਼ਾਹ ਨੂੰ ਵੇਖਦਿਆਂ, ਸੁਰਿੰਦਰ ਸੋਹਲ , ਹਰਜਿੰਦਰ ਪੰਧੇਰ ਅਤੇ ਪੋ: ਹਰਭਜਨ ਸਿੰਘ ਦੇ ਸੰਪਾਦਕੀ ਬੋਰਡ ਵਲੋਂ ਇਕ ਹੋਰ ਨਵਾਂ ਕਹਾਣੀ -ਸੰਗ੍ਰਹਿ ਛਾਪਣ ਦਾ ਫੈਸਲਾ ਲਿਆ ਗਿਆ ਹੈ । ਇਸ ਦਾ ਨਾਮ 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ' ਹੋਵੇਗਾ। ਇਸ ਵਿਚ ਪਰਵਾਸੀ ਕਹਾਣੀਕਾਰਾਂ ਦੀਆਂ ਅਣਛਪੀਆਂ ,ਚੋਣਵੀਆਂ ਤੇ ਸ਼ਾਹਕਾਰ ਰਚਨਾਵਾਂ ਸ਼ਾਮਲ ਕੀਤੀਆਂ ਜਾਣਗੀਆਂ।

ਇਸ ਪ੍ਰਯੋਜਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਅਤੇ ਸੰਪਾਦਕੀ ਬੋਰਡ ਦੀ ਸਹਾਇਤਾ ਲਈ ਇਕ ਛੇ ਮੈਂਬਰੀ ਸਹਿਯੋਗੀ ਟੀਮ ਦਾ ਗਠਨ ਕੀਤਾ ਗਿਆ ਹੈ । ਇਸ ਵਿਚ ਅਮਰਜੀਤ ਚਾਹਲ (ਸਰੀ- ਕਨੈਡਾ ਫੋਨ# 604-825-9240 ), ਨਛੱਤਰ ਸਿੰਘ ਗਿਲ (ਸਰੀ -ਕਨੈਡਾ ਫੋਨ# 604-580-3877), ਸੁਰਜੀਤ ਕੌਰ (ਟਰਾਂਟੋ-ਕਨੈਡਾ ਫੋਨ#905-216-4981) , ਮਹਿੰਦਰ ਪਾਲ ਸਿੰਘ ਧਾਲੀਵਾਲ ( ਸਲੋਹ- ਇੰਗਲੈਂਡ ਫੋਨ# 0795-685-7764), ਦਰਸ਼ਨ ਸਿੰਘ ਧੀਰ (ਵੁਲਵਰਹੈਪਟਨ-ਇੰਗਲੈਂਡ ਫੋਨ#190-265-9956) ਅਤੇ ਸੰਤੋਖ ਸਿੰਘ ਧਾਲੀਵਾਲ (ਨੌਟਿੰਗਮ-ਇੰਗਲੈਂਡ ਫੋਨ#0115-916-9426) ਦੇ ਨਾਮ ਸ਼ਾਮਲ ਕੀਤੇ ਗਏ ਹਨ।

ਇਸ ਨਵੇਂ ਸੰਗ੍ਰਹਿ ਨੂੰ ਲੋਕ-ਪੱਖੀ ਸਮਾਜਕ ਸਰੋਕਾਰਾਂ ਨਾਲ ਜੋੜਨ ਦੇ ਨਾਲ ਨਾਲ ਖੂਬਸੂਰਤੀ ਤੇ ਵਿਲੱਖਣਤਾ ਪ੍ਰਦਾਨ ਕਰਨ ਲਈ ਪਹਿਲਾਂ ਵਾਂਗ ਕੁਝ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ । ਇਸ ਲਈ ਆਪਣੀਆਂ ਰਚਨਾਵਾਂ ਭੇਜਣ ਵਾਲੇ ਸਮੂਹ ਕਹਾਣੀਕਾਰਾਂ ਨੂੰ ਗੁਜਾਰਸ਼ ਹੈ ਕਿ ਸੰਪਾਦਕੀ ਬੋਰਡ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਹੇਠ ਲਿਖੇ ਨੁਕਤਿਆਂ ਤੇ ਗੌਰ ਨਾਲ ਨਜ਼ਰਸਾਨੀ ਕੀਤੀ ਜਾਵੇ।

ਸੰਪਾਦਕੀ ਮੰਡਲ ਨੂੰ ਆਪਣੀ ਕੋਈ ਨਵੀਂ, ਮੌਲਿਕ ਅਤੇ ਅਣਪ੍ਰਕਾਸ਼ਤ ਕਹਾਣੀ ਹੀ ਭੇਜੀ ਜਾਵੇ।

ਵਿਸ਼ੇ- ਵਸਤੂ ਪਖੋਂ ਅਸੀਂ ਕਹਿਣਾ ਚਾਹਾਂਗੇ ਕਿ ਭਾਵੇਂ ਇਹ ਚੋਣ ਕਿਸੇ ਵੀ ਲੇਖਕ ਦੀ ਆਪਣੀ ਸਵਤੰਤਰ ਚੋਣ ਹੁੰਦੀ ਹੈ , ਪਰ ਫਿਰ ਵੀ ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ-ਪੱਖੀ ,ਅਗਾਂਹ ਵਧੂ ਪਹੁੰਚ ਅਤੇ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਨੂੰ ਵਿਸ਼ੇਸ਼ ਪਹਿਲ ਦਿਤੀ ਜਾਵੇਗੀ। ਨਿਰੋਲ ਦੇਸੀ ਸਥਾਨਕ ਸਰੋਕਾਰ ਵਾਲੀ ਕਹਾਣੀ ਨਾ ਭੇਜੀ ਜਾਵੇ।

ਸਾਡਾ ਮਕਸਦ ਪਰਵਾਸੀ ਸਮਸਿਆਵਾਂ ਦੇ ਨਾਲ-ਨਾਲ ਦੁਨੀਆ ਭਰ ਦੇ ਸ਼ੋਸ਼ਿਤ , ਪੀੜਤ ਅਤੇ ਪਛੜੇ ਹੋਏ ਲੋਕਾਂ ਦੀਆਂ ਸਮਸਿਆਵਾਂ ਉਪਰ ਫੋਕਸ ਕਰਨਾ ਹੈ। ਇਹ ਸ਼ੋਸ਼ਣ ਸਰੀਰਕ-ਮਾਨਸਿਕ-ਲਿੰਗਕ ਹੋਵੇ ਚਾਹੇ ਆਰਥਕ, ਸਮਾਜਕ, ਰਾਜਨੀਤਕ, ਸਭਿਆਚਾਰਕ, ਜੰਗਾਂ ਦੀ ਤਬਾਹੀ ਅਤੇ ਕਾਰਪੋਰੇਟ ਵਿਸ਼ਵੀਕਰਨ ਦੇ ਨਵ-ਬਸਤੀਵਾਦੀ ਮਨਸੂਬਿਆਂ ਕਾਰਨ ਭਿਆਨਕ ਆਰਥਕ ਮੰਦਵਾੜਾ ਜਾਂ ਫਿਰ ਖਪਤ ਸਭਿਆਚਾਰ ਦਾ ਹਮਲਾ ਹੋਵੇ, ਕਿਉਂਕਿ ਇਸ ਸੰਗ੍ਰਹਿ ਦਾ ਸੰਪਾਦਕੀ ਬੋਰਡ ਪਾਠਕ ਦੇ ਮਨ ਵਿਚ ਸਿਹਤਮੰਦ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬੇਹਤਰ ਦੁਨੀਆਂ ਦਾ ਸੁਪਨਾ ਸਜਾਉਣਾ ਚਾਹੁੰਦਾ ਹੈ। ਇਸ ਮਕਸਦ ਦੀ ਪੂਰਤੀ ਲਈ ਤੁਸੀਂ ਆਪਣੀ ਕੋਈ ਵੀ ਮਨਪਸੰਦ ਰਚਨਾ ਹੇਠ ਲਿਖੇ ਸੰਪਾਦਕੀ ਮੰਡਲ ਦੇ ਪਤਿਆਂ ਜਾਂ ਸਹਿਯੋਗੀ ਟੀਮ ਦੇ ਕਿਸੇ ਵੀ ਮੈਂਬਰ ਦੇ ਪਤੇ ਤੇ ਭੇਜ ਸਕਦੇ ਹੋਂ।

Surinder Sohal :15 Remsen Ave, Valley Stream, NY 11580, USA
(Email: surindersohal@hotmail.com; Phone:- 646-220-2586 )

Harjinder Pandher:-3974 Chatsworth Circle, Stockton, CA 95209,USA
(Email:- Pandher@gmail.com; Phone:- 209-610-5055 )

Prof.Harbhajan Singh ;486 Ridge Creek Lane, Patterson,CA 95363,USA
(Email profhssangha@gmail.com; Phone:- 209-222-3866 )

ਰਚਨਾਵਾਂ ਭੇਜਣ ਦਾ ਸਮਾਂ ਇਸ ਸਾਲ ਦੇ ਅੰਤ ਅਰਥਾਤ 31 ਦਸੰਬਰ 2015 ਤਕ ਹੈ।

ਇਥੇ ਇਹ ਵੀ ਵਰਣਨ ਯੋਗ ਹੈ ਕਿ ਇਸ ਤੋਂ ਪਹਿਲਾਂ ਚਾਰ ਪੰਜਾਬੀ ਕਹਾਣੀ ਸੰਗ੍ਰਹਿ : 'ਸੁਪਨੇ ਤੇ ਸੰਤਾਪ', 'ਪੰਖ, ਪਿੰਜਰਾ ਤੇ ਪਰਵਾਜ਼', 'ਅਮਰੀਕੀ ਪੰਜਾਬੀ ਕਹਾਣੀ', ਅਤੇ 'ਪਰਵਾਸ ਤੋਂ ਆਵਾਸ ਵਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ) ਛਾਪੇ ਜਾ ਚੁਕੇ ਹਨ।

ਇਹਨਾਂ ਵਿਚੋਂ ਪਹਿਲੇ ਦੋ ਦਾ ਸੰਪਾਦਨ ਪ੍ਰੋ: ਗੁਰਬਖਸ਼ ਸਿੰਘ ਸਚਦੇਵ , ਅਮਰਜੀਤ ਦਰਦੀ ਅਤੇ ਪ੍ਰੋ: ਹਰਭਜਨ ਸਿੰਘ ਵਲੋਂ ਕੀਤਾ ਗਿਆ ਹੈ। ਇਹ ਦੋਵੇਂ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਛਾਪੇ ਗਏ ਹਨ। ਤੀਜਾ ਸੰਗ੍ਰਹਿ ਪੰਜਾਬੀ ਅਕਾਦਮੀ, ਦਿੱਲੀ ਵਲੋਂ ਛਾਪਿਆ ਗਿਆ ਹੈ ,ਜਿਸ ਦੀ ਸੰਪਾਦਨਾ ਪ੍ਰੋ: ਹਰਭਜਨ ਸਿੰਘ ਨੇ ਕੀਤੀ ਹੈ।

ਚੌਥੇ ਕਹਾਣੀ-ਸੰਗ੍ਰਹਿ 'ਪਰਵਾਸ ਤੋਂ ਅਵਾਸ ਵਲ' ਦੇ ਸੰਪਾਦਕੀ ਮੰਡਲ ਵਿਚ ਪ੍ਰੋ: ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਸ਼ਾਮਲ ਹਨ। ਇਹ ਪਰਵਾਜ਼ ਪ੍ਰਕਾਸ਼ਨ ਜਲੰਧਰ ਵਲੋਂ ਸੰਨ 2013 ਵਿਚ ਛਾਪਿਆ ਗਿਆ।

ਜਾਰੀ ਕਰਤਾ – ਸੰਪਾਦਕੀ ਬੋਰਡ :-
'ਪਰਵਾਸੀ ਪੰਜਾਬੀ ਕਹਾਣੀ -ਸੰਗ੍ਰਹਿ'
ਪ੍ਰੋ: ਹਰਭਜਨ ਸਿੰਘ , ਸੁਰਿੰਦਰ ਸੋਹਲ ,

**– ਹਰਜਿੰਦਰ ਪੰਧੇਰ (1-209-610-5055)**

# ਕਾਵਿ ਕਿਆਰੀ

ਕਾਵਿ ਕਿਆਰੀ

## ਭਜਨ

**ਚਰਨ ਸਿੰਘ ਸਫ਼ਰੀ**

ਰਵਿਦਾਸ ਦੇ ਦਰ ਤੇ ਸਿੱਖਾ
ਆਪਣਾ ਸੀਸ ਨਿਵਾਉਂਦਾ ਜਾਹ
ਜਨਮ ਜਨਮ ਦੇ ਸੁੱਤੇ ਹੋਏ
ਆਪਣੇ ਭਾਗ ਜਗਾਉਂਦਾ ਜਾਹ

ਸਾਧ ਸੰਗਤ ਦੇ ਚਰਨਾਂ ਦੀ ਜੇ
ਧੂੜ ਮੱਥੇ ਨਾ' ਲਾਵੇਂਗਾ
ਗੋਤੇ ਮੂਲ ਨਾ ਖਾਵੇਂਗਾ ਤੂੰ
ਭਵ ਸਾਗਰ ਤਰ ਜਾਏਂਗਾ
ਸੋਹੰਗ ਸੋਹੰਗ ਗੀਤ ਪਿਆਰਾ
ਆਪਣੇ ਮੁਖੋਂ ਗਾਉਂਦਾ ਜਾਹ
ਰਵਿਦਾਸ ਦੇ ਦਰ ਤੇ ਸਿੱਖਾ
ਆਪਣਾ ਸੀਸ ਨਿਵਾਉਂਦਾ ਜਾਹ

ਇਹ ਉਹ ਦਰ ਹੈ ਜਿੱਥੇ ਚਲ ਕੇ
ਗੋਰਖ ਨਾਥ ਵੀ ਆਇਆ ਸੀ
ਰਵਿਦਾਸ ਨੇ ਦੌਰੀ ਵਿਚੋਂ
ਵਿਰਾਟ ਰੂਪ ਦਿਖਲਾਇਆ ਸੀ
ਉਹਦੇ ਦਰ ਤੇ ਮਸਤਕ ਧਰ ਕੇ
ਮਸਤਕ ਨੂੰ ਚਮਕਾਉਂਦਾ ਜਾਹ
ਰਵਿਦਾਸ ਦੇ ਦਰ ਤੇ ਸਿੱਖਾ..

ਉਹਦੇ ਦਰ ਤੇ ਨਾਮ ਲੈਣ ਨੂੰ
ਮੀਰਾਂ ਚਲ ਕੇ ਆਈ ਸੀ
ਤੂੰਬੀ ਪਕੜ ਉਸ ਨੇ ਆਪਣੇ
ਹਿਲਦੀ ਤਾਰ ਹਲਾਈ ਸੀ
ਮੀਰਾ ਬਾਈ ਵਾਂਗੂੰ ਤੂੰ ਵੀ
ਦਿਲ ਦੀ ਤਾਰ ਹਿਲਾਉਂਦਾ ਜਾਹ

ਰਵਿਦਾਸ ਇਕ ਨੂਰ ਰੱਬ ਦਾ
ਇਸ ਦੁਨੀਆਂ ਵਿਚ ਆਇਆ ਏ
ਇਕ ਨਾਮ ਤੇ ਇਕ ਅੱਲਾ
ਦੁਨੀਆ ਨੂੰ ਸਮਝਾਇਆ ਏ

ਰਮਜ਼ ਗੁਰਾਂ ਨੇ ਦੱਸੀ ਸਫ਼ਰੀ
ਦੁਨੀਆ ਨੂੰ ਸਮਝਾਉਂਦਾ ਜਾਹ
ਰਵਿਦਾਸ ਤੇ ਦਰ ਤੇ ਸਿੱਖਾ
ਆਪਣਾ ਸੀਸ ਨਿਵਾਈ ਜਾਹ।

## ਗਜ਼ਲ

**ਹਰਭਜਨ ਸਿੰਘ ਬੈਂਸ**

ਪੂਰਬ ਨਾਲੋਂ ਪੱਛਿਮ ਦੀ ਜੋ ਇਕ ਪਹਿਲੀ ਪਹਿਚਾਨ ਮਿਲੇ।
ਔਂਦੇ ਜਾਂਦੇ ਹਰ ਚਿਹਰੇ ਤੋਂ ਮਹਿਕ ਜਿਹੀ ਮੁਸਕਾਨ ਮਿਲੇ।

ਪਿਆਰ ਮੁਹੱਬਤ ਨਿੱਘ ਸਲੀਕਾ ਅਨੁਭਵ ਹੋਇਆ ਏਸ ਕਦਰ,
ਜਾਣੇ ਕੀ ਅਣਜਾਣੇ ਵੀ ਸਭ ਮਿਲਦੇ ਜਿਉਂ ਮਹਿਮਾਨ ਮਿਲੇ।

ਹਰ ਦਫਤਰ ਦੀ ਕਾਰਗੁਜ਼ਾਰੀ ਨਿਯਮਾਂ ਮੂਜਬ ਸਿਰੇ ਚੜ੍ਹੇ,
ਪਹਿਲੇ ਦੂਜੇ ਤੀਜੇ ਚੌਥੇ ਦਰਜੇ ਬਿਨ ਸਨਮਾਨ ਮਿਲੇ।

ਐਵੇਂ ਤੇ ਨ੍ਹਈਂ ਹਰ ਇਕ ਬੰਦਾ ਇਸ ਪਾਸੇ ਨੂੰ ਦੌੜ ਰਿਹਾ,
ਕੁੱਲੀ, ਗੁੱਲੀ, ਜੁੱਲੀ, ਇੱਜ਼ਤ, ਠੀਕ ਮਿਲੇ ਆਸਾਨ ਮਿਲੇ।

ਅਦਲ ਦੇਸ਼ ਦਾ ਹੱਕ ਬਰਾਬਰ ਸਮਝੇ ਤੇ ਫਿਰ ਅਮਲ ਕਰੇ,
ਏਥੇ ਵੱਸਦੇ ਹਰ ਸ਼ਹਿਰੀ ਨੂੰ ਇਨਸਾਨੀ ਪਹਿਚਾਨ ਮਿਲੇ।

ਸੜਕਾਂ ਗਲੀਆਂ ਕੀ ਕਲਿਆਰੇ ਦੇਖਣ ਤੇ ਹੀ ਸਮਝ ਪਵੇ,
ਸਾਫ ਸਫਾਈ ਸਾਂਝੇ ਦਫਤਰ ਘਰ ਦੀ ਆਲੀਸ਼ਾਨ ਮਿਲੇ।

## ਗੀਤ

**ਆਜ਼ਾਦ ਜਲੰਧਰੀ**

**ਕਾਂਸ਼ੀ ਵਾਲੜਿਆ ਧੰਨ ਤੇਰੀ ਵਡਿਆਈ**
**ਜਾਮੇ ਵਿਚ ਰਵਿਦਾਸ ਗੁਰੂ ਦੇ ਜੋਤ ਇਲਾਹੀ ਆਈ**
ਘਰ ਸੰਤੋਖ ਪਿਤਾ ਦੇ ਵਾਲੀ ਕੁਲ ਦੁਨੀਆਂ ਦਾ ਆਇਆ
ਮਾਂ ਕਲਸੀ ਦੀ ਕੁੱਖ ਨੂੰ ਆ ਕੇ ਭਾਗ ਪ੍ਰਭੂ ਨੇ ਲਾਇਆ
ਹਰੀ ਨਾਮ ਦੀ ਬਰਖਾ ਕਰਕੇ ਜਗ ਤੇ ਠੰਡ ਵਰਤਾਈ।
ਕਾਸ਼ੀ ਵਾਲੜਿਆਂ......
ਦੁੱਖੜੇ ਸਹਿੰਦੇ ਸਹਿੰਦੇ ਜਿਸਨੂੰ ਬੀਤੇ ਸਾਲ ਹਜ਼ਾਰਾਂ
ਸੁਣ ਲਈਆਂ ਉਸ ਕੌਮ ਦੀਆਂ ਮਾਲਿਕ ਨੇ ਹਾਲ ਪੁਕਾਰਾਂ
ਸਦੀਆਂ ਪਿੱਛੋਂ ਮਜ਼ਲੂਮਾਂ ਦੀ ਰੱਬ ਨੇ ਸੁਣੀ ਦੁਹਾਈ।
ਕਾਸ਼ੀ ਵਾਲੜਿਆਂ......
ਊਚ ਨੀਚ ਨਾ ਕੋਈ ਏਸੇ ਸਭ ਕੁਦਰਤ ਦੇ ਬੰਦੇ
ਇਕ ਨੂਰ ਤੋਂ ਸਾਰੇ ਉਪਜੇ ਕੌਣ ਭਲੇ ਕੌਣ ਮੰਦੇ
ਚੌਂਹ ਵਰਨਾਂ ਨੇ ਤੇਰੇ ਦਰ ਤੇ ਗਰਦਨ ਆਣ ਝੁਕਾਈ।
ਕਾਸ਼ੀ ਵਾਲੜਿਆਂ......

ਹਰ ਸੋ ਹੀਰਾ ਮੂਲ ਨਾ ਛੱਡੋ ਸੁੱਤੇ ਭਾਗ ਜਗਾਵੇ
ਤਰ ਜਾਵੇ ਆਜ਼ਾਦ ਉਹ ਬੰਦਾ ਜੋ ਹਰ ਨਾਮ ਧਿਆਵੇ
ਭੁੱਲੀ ਭਟਕੀ ਦੁਨੀਆਂ ਬੇਗਮਪੁਰ ਦੇ ਰਾਹੇ ਪਾਈ।
ਕਾਸ਼ੀ ਵਾਲੜਿਆਂ ਧੰਨ ਤੇਰੀ ਵਡਿਆਈ......

## ਸੱਚ ਦਾ ਸੂਰਜ

**ਆਜ਼ਾਦ ਜਲੰਧਰੀ**

ਕਾਲੀ ਰਾਤ ਦੀ ਭਲਾ ਔਕਾਤ ਕੀ ਏ
ਜਦੋਂ ਹੋਵੇ ਪ੍ਰਭਾਵ ਤੇ ਚੜ੍ਹੇ ਸੂਰਜ
ਕਿਹੜੇ ਰੋਕ ਸਕਦਾ ਇਹਦੇ ਘੋੜਿਆਂ ਨੂੰ
ਕੌਣ ਅੰਬਰਾਂ ਤੇ ਜਾ ਕੇ ਫੜੇ ਸੂਰਜ।
ਚੀਰ ਦਿੰਦਾ ਜ਼ੁਲਮਾਤ ਦੇ ਨੇਹਰਿਆਂ ਨੂੰ
ਧਨੁਸ਼-ਬਾਣ ਜਦ ਕਿਰਨਾਂ ਦਾ ਫੜੇ ਸੂਰਜ।
ਸੁੱਤੇ ਆਲਸੀ ਲੋਕ ਭੀ ਜਾਗ ਪੈਂਦੇ
ਆ ਕੇ ਵਿਹੜਿਆਂ ਅੰਦਰ ਜਦ ਬੜੇ ਸੂਰਜ
ਸੂਰਜ ਸੱਚ ਦਾ ਚੜ੍ਹਿਆ ਏ ਵਿਚ ਕਾਸ਼ੀ
ਜਾਤ ਪਾਤ ਦਾ ਨੇਹਰ ਮਿਟੌਣ ਦੇ ਲਈ
ਕਾਸ਼ੀ ਵਿਚ ਰਵੀਦਾਸ ਅਵਤਾਰ ਆਏ
ਮੁਰਦਾ ਰੂਹਾਂ ਅੰਦਰ ਜਾਨ ਪੌਣਦੇ ਲਈ।

# ਦਿਲ ਨਿੱਜਰ ਦੀ ਕਾਗ਼ਜ਼ਾਂ 'ਤੇ ਤੈਰਦੀ ਡੂੰਘੀ ਸੋਚ

**ਜੀਵਨ ਰੱਤੂ (916-256-9393)**

ਕਿਸੇ ਦੀ ਲਿਖਤ ਨੂੰ ਵਡਿਆਉਣਾ ਵੀ ਆਉਂਦਾ ਹੈ ਤੇ ਚੰਗੇ ਨਾ ਲੱਗੇ ਤਾਂ ਥੋੜ੍ਹੀ ਬਹੁਤ ਆਲੋਚਨਾ ਵੀ ਇਕ ਪਾਠਕ ਜਾਂ ਸਰੋਤੇ ਵਜੋਂ ਕਰ ਲਈਦੀ ਹੈ। ਲਿਖਤ ਪੜ੍ਹਨ ਤੋਂ ਬਾਅਦ ਜੋ ਵਿਚਾਰ ਜਾਂ ਖਿਆਲ ਆਪਣੇ ਮਨ 'ਚ ਆਉਂਦੇ ਨੇ, ਉਹਨਾਂ ਨੂੰ ਲਿਖਣ ਨੂੰ ਵੀ ਮਨ ਕਰਦਾ ਹੈ ਪਰ ਵਧੀਆ ਲੇਖਕਾਂ ਵਾਂਗ ਸਹੀ ਤਰਤੀਬ ਦੇਣੀ ਨਹੀਂ ਆਉਂਦੀ ਪਰ ਫਿਰ ਵੀ ''ਦਿਲ ਨਿੱਜਰ'' ਦੀ ਸ਼ਖਸੀਅਤ ਤੇ ਸ਼ਾਇਰੀ ਬਾਰੇ ਜੋ ਮਨ ਵਿਚ ਆਉਂਦਾ ਹੈ, ਲਿਖ ਰਿਹਾ ਹਾਂ ਤੇ ਇਹ ਡਰ ਵੀ ਮਨ 'ਚੋਂ ਕੱਢ ਕੇ ਲਿਖ ਰਿਹਾ ਹਾਂ ਕਿ ਪ੍ਰਪੱਕ ਲੇਖਕ ਇਸ ਬੇਤਰਤੀਬੀ ਨੂੰ ਕਿਸ ਨਜ਼ਰੀਏ ਨਾਲ ਵੇਖਣਗੇ।

ਦਿਲ ਨਿੱਜਰ ਦੀਆਂ ਦੋ ਕਿਤਾਬਾਂ "ਪਰਵਾਜ਼-ਏ-ਦਿਲ" ਅਤੇ 'ਦਿਲ ਦਹਿਲੀਜ਼' ਬਾਰੇ ਵਿਚਾਰ ਚਰਚਾ ਤਾਂ ਬਹੁਤੀ ਲੰਮੀ ਗੱਲ ਨਹੀਂ ਪਰ ਉਸਦੀ ਸ਼ਖਸੀਅਤ ਬਾਰੇ ਜਿੰਨਾ ਮਰਜ਼ੀ ਵਿਸਥਾਰ ਵਿਚ ਚਲੇ ਜਾਓ। ਨਵਾਂ ਕੁਝ ਸਿਰਜਣ ਲਈ ਪੁਰਾਣਾ ਤਿਆਗਣਾ ਲਾਜ਼ਮੀ ਹੈ, ਇਹ ਗੱਲ ਉਸਦੀ ਕਵਿਤਾ ਤੋਂ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ। ਉਸਦੇ ਵਿਚਾਰਾਂ ਦੀ ਵਿਸ਼ਾਲਤਾ ਤੇ ਦੋਸਤਾਨਾ ਵਿਵਹਾਰ ਦੀ ਕੋਈ ਰੀਸ ਨਹੀਂ, ਸੋਚਾਂ ਦੇ ਅਥਾਹ ਦਰਿਆ ਉਸਦੇ ਅੰਦਰ ਵਹਿੰਦੇ ਹਨ। ਨੇਕੀ, ਪਿਆਰ, ਦੋਸਤੀ, ਮਿਠਾਸ ਅਤੇ ਸਦਭਾਵਨਾ ਦਾ ਭੰਡਾਰ ਹੋਣ ਕਾਰਨ ਮੈਂ ਉਸਨੂੰ ਦੌਲਤਮੰਦ ਇਨਸਾਨ ਗਿਣਦਾ ਹਾਂ। ਬੜੇ ਹੀ ਠੋਸ ਫੈਸਲੇ ਲੈਣ ਦਾ ਜਿਗਰਾ ਉਸ ਵਿਚ ਹੈ। ਆਪਣੀਆਂ ਲਿਖਤਾਂ ਵਿਚ ਹੋਈਆਂ ਛੋਟੀਆਂ-ਮੋਟੀਆਂ ਗਲਤੀਆਂ ਨੂੰ ਸਵੀਕਾਰਨ ਦੀ ਸਮਰੱਥਾ ਵੀ ਉਸ ਵਿਚ ਹੈ। ਉਹ ਆਪ ਵੀ ਇਕ ਸਫਲ ਇਨਸਾਨ ਹੈ ਤੇ ਸਫਲ ਹੋਇਆਂ ਇਨਸਾਨਾਂ ਦੀ ਕਦਰ ਵੀ ਕਰਦਾ ਹੈ। ਵਕਤ ਬੀਤਣ ਨਾਲ ਇਨਸਾਨ ਅਤੇ ਉਸਦੀ ਸੋਚ ਬਦਲਦੀ ਹੈ। ਉਸਦੇ ਪੁਰਾਣੇ ਗੀਤ ਕਵਿਤਾਵਾਂ ਨੂੰ ਪੜ੍ਹਨ ਤੋਂ ਬਾਅਦ ਵੀ ਇਹ ਪਤਾ ਲੱਗਾ। ਦਿਲ-ਦਹਿਲੀਜ ਵਿਚ ਬੀਤੇ ਹੋਏ ਦਰਦ ਭਰੇ ਸਮੇਂ ਦੀ ਗੱਲ ਲਾਜਵਾਬ ਢੰਗ ਨਾਲ ਕਹੀ ਗਈ ਹੈ।



''ਬੇਵੱਸੀ ਵਿਚ ਦੇਖੋ ਕਈ, ਪੁੱਤ ਮਾਵਾਂ ਦੇ ਮੋਏ ਨੇ
ਦੇਖੋ ਉਜੜੇ ਘਰਾਂ ਦੇ ਬੂਹੇ, ਬੰਦ ਕਦੋਂ ਤੋਂ ਹੋਏ ਨੇ।''

ਸਮਾਜ ਵਿਚ ਫੈਲੇ ਦੰਭ ਤੇ ਫਰੇਬ ਦੀ ਗੱਲ ਵੀ ਉਸਨੇ ਦਲੇਰੀ ਨਾਲ ਕੀਤੀ ਹੈ।

''ਪੱਗ ਵਟਾਉਂਦੇ ਮਤਲਬ ਲਈ, ਘੁੱਟ ਗਲਵੱਕੜੀ ਪਾ ਲੈਂਦੇ
ਔਖੇ ਵੇਲੇ 'ਨਿੱਜਰਾ' ਇਹ ਸ਼ੈਤਾਨ ਬਦਲਦੇ ਵੇਖੇ ਨੇ।''

ਉਸਦੀ ਸ਼ਾਇਰੀ ਕਈ ਲੇਖਕਾਂ ਨਾਲੋਂ ਹਟ ਕੇ, ਨਿਵੇਕਲੀ ਹੈ ਜੋ ਆਪਣੇ 'ਚ ਜ਼ਿੰਦਗੀ ਦੇ ਕਈ ਰੰਗ ਸਮੋਈ ਬੈਠੀ ਹੈ। ਸਿਆਸਤਾਂ 'ਚ ਚਲਦੇ ਝੂਠ ਨੂੰ ਚੋਭ ਮਾਰਨੋਂ ਵੀ ਉਹ ਪਿੱਛੇ ਨਹੀਂ ਹਟਿਆ।

''ਦੇਖੋ ਕਿੱਦਾਂ ਵੰਡਿਆ ਹਕੂਮਤਾਂ ਪੰਜਾਬ ਨੂੰ
ਨਾਲੇ ਵੰਡ ਦਿੱਤਾ ਪੰਜ ਪਾਣੀਆਂ ਦੇ ਖਾਬ ਨੂੰ''

ਸਾਦਾ ਤੇ ਸਪਸ਼ਟ ਅੰਦਾਜ਼, ਭਾਵ ਉਛਾਲਕ ਲਿਖਤਾਂ ਜਿਹਨਾਂ 'ਚ ਜ਼ਿੰਦਗੀ, ਮੁਹੱਬਤ ਤੇ ਸੱਚ ਦਾ ਇੱਕਮਿਕ ਹੋਇਆ ਰੂਪ ਦਿਸਦਾ ਹੈ। ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਸਿਖਰਤਾ ਵੱਲ ਨੂੰ ਵਧਦੀਆਂ ਉਸਦੀਆਂ ਕਵਿਤਾਵਾਂ ਏਕਤਾ ਤੇ ਸਦਭਾਵਨਾ ਦਾ ਵੀ ਸੁਨੇਹਾ ਦਿੰਦੀਆਂ ਹਨ।

''ਨਫਰਤ ਦੇ ਰੰਗ ਵਿਚ ਰਹਿਣਾ ਜੇ ਚਾਹੁੰਦੇ
ਸੰਤਾਲੀ ਤੇ ਚੁਰਾਸੀ ਦੁਹਰਾਉਣਾ ਜੇ ਚਾਹੁੰਦੇ
ਤਾਂ ਸਾਡੇ ਜਿਹੇ ਮੂਰਖ, ਗਵਾਰ ਨਹੀਂ ਮਿਲਣੇ।
ਸਰਹੱਦਾਂ ਤੇ ਦੋਸਤੋ ਪਿਆਰ ਨਹੀਂ ਖਿਲਣੇ''

ਕਵਿਤਾਵਾਂ 'ਚ ਜੀਵਨ ਦੇ ਕਈ ਵੇਰਵੇ ਛੂਹੇ ਗਏ ਹਨ। ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੀਆਂ ਕਵਿਤਾਵਾਂ ਜੋ ਸਰਲ ਤੇ ਸਾਦੀਆਂ ਹਨ:

''ਮਨਸੂਰ ਨੂੰ ਵਾਰ-ਵਾਰ ਸੂਲੀ ਤੇ ਚੜ੍ਹਾਓ ਨਾ
ਰੱਬ ਦਿਆਂ ਬੰਦਿਆਂ ਤੇ ਕਹਿਰ ਕਮਾਓ ਨਾ।''

ਅਨੁਸ਼ਾਸਨ ਵਿਚ ਰਹਿ ਕੇ ਲਿਖੀਆਂ ਲਿਖਤਾਂ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਏਦਾਂ ਨਹੀਂ ਕਿ ਛਾਲ ਮਾਰ ਕੇ ਉਹ ਉਪਰਲਿਆਂ ਦੀ ਗੋਦੀ ਵਿਚ ਬੈਠ ਸਕਦਾ ਹੈ ਜਾਂ ਟਪੂਸੀ ਮਾਰ ਕੇ ਹੇਠਲਿਆਂ ਨਾਲ ਹੇਜ ਜਤਾ ਸਕਦਾ ਹੈ, ਉਹ ਯਥਾਰਥ ਤੋਂ ਭੱਜਣ ਵਾਲਾ ਹਰਗਿਜ਼ ਨਹੀਂ। ਇਥੇ ਗਜ਼ਲ ਦੇ ਰੂਪ-ਵਿਧਾਨ ਅਤੇ ਸ਼ਿਲਪ ਦੇ ਬੜੇ ਉਸਤਾਦ ਹਨ ਪਰ ਸਮਾਜ ਵਿਚਲੀਆਂ ਸ਼੍ਰੇਣਕ ਵਿਰੋਧਤਾਈਆਂ ਅਤੇ ਚੁਣੌਤੀਆਂ ਨੂੰ ਵੇਖਣ-ਸਮਝਣ ਅਤੇ ਜ਼ੁਰਅਤ ਨਾਲ ਕਾਵਿ-ਪੱਧਰ ਤੇ ਪ੍ਰਗਟਾਉਣ ਤੋਂ ਅਸਮਰੱਥ ਹਨ ਪਰ ਉਸਦੀ ਵਿਸ਼ੇਸ਼ਤਾ ਹੈ ਕਿ ਉਹ ਜੋ ਕੁਝ ਕਰਦਾ ਜਾਂ ਕਹਿੰਦਾ ਹੈ, ਉਸ ਬਾਰੇ ਸੁਚੇਤ ਹੈ। ਉਸਦੇ ਗੀਤਾਂ ਵਿਚ ਮਾਂ-ਭੂਮੀ ਅਤੇ ਉਸਦੇ ਵਸਨੀਕਾਂ ਤੋਂ ਵਿਛੋੜੇ ਦਾ ਦਰਦ ਸਾਫ ਝਲਕਦਾ ਹੈ।

"ਛੱਡ ਕੇ ਮੈਂ ਆਇਆ ਜਿਹੜੇ ਜਾਨ ਤੋਂ ਪਿਆਰੇ
ਜਿਨ੍ਹਾਂ ਨਾਲ ਜ਼ਿੰਦਗੀ ਦੇ ਚਾਅ ਸਾਂਝੇ ਸਾਰੇ
ਔਖੇ ਲੰਘਦੇ ਨੇ ਬੜੇ ਪਲ ਮਿੱਤਰੋ
ਜ਼ਿੰਦਗੀ ਦੀ ਦੱਸਾਂ ਕੀ ਮੈਂ ਗੱਲ ਮਿੱਤਰੋ''

ਇਨ੍ਹਾਂ ਗੀਤਾਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਕਦੇ ਵੀ ਬੇਰਿਵਾਜ਼ਾ ਨਹੀਂ ਹੋਣਗੇ। ਕਿਤੇ-ਕਿਤੇ ਰਵਾਨੀ ਜਾਂ ਠਹਿਰਾਓ ਦੀ ਮਾੜੀ-ਮੋਟੀ ਕਮੀ ਰੜਕ ਸਕਦੀ ਹੈ ਪਰ ਵਿਸ਼ਾਲਤਾ, ਪ੍ਰਚੀਨਤਾ ਤੇ ਨਵੀਨਤਾ ਆਪਣੇ ਆਪ 'ਚ ਬਾਕਮਾਲ ਹੈ। ਉਸਦੀਆਂ ਕਵਿਤਾਵਾਂ 'ਚ ਵੀ ਅਨੁਭਵ ਦੀ ਅਮੀਰੀ ਤੇ ਜਜ਼ਬੇ ਦੀ ਉਚਤਾ ਵਰਗੇ ਗੁਣ ਦਿਖਾਈ ਦਿੰਦੇ ਹਨ, ਮੁਕਾਮ ਮਿਲੇ ਜਾਂ ਨਾ ਪਰ ਸਫਰ ਨਿਰੰਤਰ ਚੱਲਦਾ ਪ੍ਰਤੀਤ ਹੁੰਦਾ ਹੈ ਤੇ ਕਵੀ ਵਿਚ ਇਹ ਗੁਣ ਹੋਣਾ ਵੀ ਚਾਹੀਦਾ ਹੈ।

''ਉਚਾ ਉਡ ਅਸਮਾਨੀ ਨਿਗ੍ਹਾ ਧਰਤੀ ਤੇ ਰੱਖ
ਸ਼ੁਕਰ ਰੱਬ ਦਾ ਮਨਾ ਜਿਹੜਾ ਲੈਂਦਾ ਹੱਥ ਰੱਖ
ਹੰਕਾਰ ਮਨ 'ਚੋਂ ਮਿਟਾਂ ਆਪਾਂ ਰਜ਼ਾ ਵਿਚ ਰੱਖ
'ਦਿਲ' ਡਰਦਾ ਏ ਉਹਤੋਂ ਜਿਹੜਾ ਆਪ ਲੈਂਦਾ ਰੱਖ'

ਹੱਥੀਂ ਫੜੇ ਕੰਮ ਨੂੰ ਕਰਦਾ-ਕਰਦਾ ਉਹ ਜਿਹਨ 'ਚ ਗੀਤ ਜਾਂ ਕਵਿਤਾ ਬਣਾ ਰਿਹਾ ਹੁੰਦੈ, ਇਹ ਮੈਂ ਉਸਦੇ ਨਜ਼ਦੀਕ ਹੋ ਕੇ ਜਾਣਿਆ ਤੇ ਇਸ ਗੱਲ ਦੀ ਅਥਾਹ ਖੁਸ਼ੀ ਹੁੰਦੀ ਹੈ, ਜਦੋਂ ਉਹ ਕੋਈ ਆਪਣੀ ਨਵੀਂ ਤੇ ਅਧੂਰੀ ਰਚਨਾ ਸਭ ਤੋਂ ਪਹਿਲਾਂ ਮੇਰੇ ਨਾਲ ਸਾਂਝੀ ਕਰ ਰਿਹਾ ਹੁੰਦਾ ਹੈ। ਇਨਸਾਨੀਅਤ ਕਦੇ ਵੀ ਮਨਾਂ 'ਚੋਂ ਮਨਫੀ ਨਾ ਹੋਵੇ ਤੇ ਨਿਮਰਤਾ ਬਣੀ ਰਹੀ, ਇਹ ਗੱਲ ਉਸਦੀ ਕਵਿਤਾ ਆਖਦੀ ਹੈ:

''ਹਰ ਵੇਲੇ ਹਉਮੈ ਵਿਚ ਰਹਿ ਕੇ ਗੱਲਾਂ ਮਾਰਦਾ
ਕਦੀ-ਕਦੀ ਧੌਣ ਨੂੰ ਵੀ ਨੀਵੀਂ ਕਰ ਲਿਆ ਕਰ
ਪੈਸੇ ਪਿੱਛੇ ਲੋਕ ਜਿਹੜੇ, ਉਹਨਾਂ ਲੋਕਾਂ ਪਿੱਛੇ ਤੂੰ
ਕਦੇ-ਕਦੇ ਰੱਬ ਦਾ ਵੀ ਪਿੱਛਾ ਕਰ ਲਿਆ ਕਰ।''

ਆਪਣੇ ਮਨ ਦੇ ਖਿਆਲਾਂ ਨੂੰ ਲਿਖਣ ਲੱਗਾ ਉਹ ਬਹੁਤੇ ਵਿਚਾਰਾਂ ਤੇ ਸੋਚਾਂ ਵਿਚ ਨਹੀਂ ਪੈਂਦਾ ਤੇ ਕਵਿਤਾ ਦਾ ਕਈ ਵਾਰ ਬਹੁਤਾ ਸ਼ਿੰਗਾਰ ਨਹੀਂ ਕਰਦਾ। ਅਸੀਂ ਕਈ ਵਾਰ ਆਪਣੀਆਂ ਲਿਖਤਾਂ 'ਚ ਬੇਲੋੜੇ ਸ਼ਬਦ ਲਿਖ ਦਿੰਦੇ ਤਾਂ ਜੋ ਸਾਨੂੰ ਖੁਦ ਨੂੰ ਮਹਿਸੂਸ ਨਹੀਂ ਹੁੰਦੇ, ਹੋ ਸਕਦਾ ਉਸਦੀ ਕਿਸੇ ਲਿਖਤ 'ਚ ਵੀ ਅਜਿਹੇ ਸ਼ਬਦ ਹੋਣ ਪਰ ਕੋਈ ਵੀ ਸ਼ਬਦ ਨਕਦਰਾ ਨਹੀਂ ਹੈ। ਹਰੇਕ ਪਾਠਕ ਜਦੋਂ ਵੀ ਕੁਝ ਪੜ੍ਹਦਾ ਹੈ, ਕਈ ਕੁਝ ਉਸਨੂੰ ਚੰਗਾ ਲੱਗਦਾ ਹੈ ਤੇ ਕੁਝ ਕੁ ਚੰਗਾ ਨਹੀਂ ਲੱਗਦਾ ਪਰ ਚੰਗੀ ਗੱਲ ਹੈ ਕਿ ਲੇਖਕ ਪੜ੍ਹਿਆ ਜਾ ਰਿਹਾ ਹੋਵੇ ਤੇ ਵੱਡੀ ਤਸੱਲੀ ਵਾਲੀ ਗੱਲ ਹੈ ਕਿ ਉਹ ਪੜ੍ਹਿਆ ਗਿਆ ਹੈ। ਤੁਰਕੇ ਹੀ ਰਾਹਾਂ ਵਿਚੋਂ ਉਭਰੇ ਰੋੜਾਂ ਦੀ ਰੜਕ ਪੈਰਾਂ ਹੇਠ ਮਹਿਸੂਸ ਕੀਤੀ ਜਾ ਸਕਦੀ ਹੈ ਤੇ ਲੇਖਕ ਦੀ ਕਵਿਤਾ ਵਿਚ ਵਡਿਆਈਆਂ ਅਤੇ ਊਣਤਾਈਆਂ ਵੀ ਪੜ੍ਹ ਕੇ ਮਹਿਸੂਸ ਹੋ ਸਕਦੀਆਂ ਨੇ ਦਿਲ ਨਿੱਜਰ ਅਜੇ ਵੀ ਬਾਖ਼ੂਬੀ ਲਿਖ ਰਿਹਾ ਹੈ ਤੇ ਰਹਿ ਗਈਆਂ ਕਮੀਆਂ ਨੂੰ ਸੁਧਾਰ ਕੇ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਉਸ ਤੋਂ ਹੋਰ ਵੀ ਵਧੀਆ ਕਿਤਾਬਾਂ ਪੇਸ਼ ਕਰਨ ਦੀ ਆਸ ਰੱਖਦਾ ਹਾਂ।

# 'ਦਿਲ ਨਿੱਝਰ' ਦਾ ਗ਼ਜ਼ਲਗੋ ਹਰਭਜਨ ਸਿੰਘ ਬੈਂਸ ਨੂੰ ਉਸਤਾਦ ਧਾਰਨਾ ਇੱਕ ਸਾਰਥਕ ਕਦਮ

ਦੁਆਬੇ ਦੇ ਆਦਮਪੁਰ ਇਲਾਕੇ ਦੇ ਪਿੰਡ ਪੰਡੋਰੀ ਨਿੱਝਰਾਂ ਦੇ ਜੰਮਪਲ਼ ਦਲਵੀਰ ਸਿੰਘ ਨਿੱਝਰ ਨੂੰ ਪੜ੍ਹਾਈ ਦੋਰਾਨ ਲਿਖਣ ਦੀ ਚੇਟਕ 1980 'ਚ ਆਦਮਪੁਰ ਦੀ ਸਾਹਿਤ ਸਭਾ ਦੀ ਇੱਕਤਰਤਾ ਤੱਕ ਲੈ ਅੱਪੜੀ ਸੀ। ਉੱਥੇ ਹਰਭਜਨ ਬੈਂਸ, ਦਰਸ਼ਨ ਸਿੰਘ ਦਰਸ਼ੀ, ਨਿਰਮਲ ਪਟਵਾਰੀ ਡਰੋਲੀ ਕਲਾਂ, ਅਵਤਾਰ ਰਾਮਪੁਰੀ ਆਦਿ ਸ਼ਾਇਰਾਂ ਦੀ ਸੰਗਤ ਕਰਕੇ ਹੋਰ ਬਲ ਮਿਲਿਆ। ਐਮ. ਏ., ਐਮ.ਫਿਲ ਪਾਸ ਕਰਕੇ ਗੁਰੂ ਨਾਨਕ ਕਾਲਜ ਦੀ ਲੈਕਚਰਾਰਸ਼ਿਪ ਛੱਡ ਕੇ ਅਮਰੀਕਾ ਆ ਕੇ ਵਸੇ ਦਿਲ ਨੇ ਕਵਿਤਾ ਨੂੰ ਆਪਣੇ ਅੰਗ ਸੰਗ ਰੱਖਿਆ। ਸੰਘਰਸ਼ ਦੇ ਦਿਨ ਹੰਢਾਏ। ਪੰਜਾਬ ਦਾ ਦੁਖਾਂਤ ਅਤੇ ਦੇਸ਼ ਛੱਡਣ ਦਾ ਹੇਰਵਾ ਲਿਖਣ ਲਈ ਪ੍ਰੇਰਦਾ ਰਿਹਾ। ਦਿਲ ਨੇ ਅਮਰੀਕਾ ਆ ਕੇ ਦੋ ਕਿਤਾਬਾਂ ਛਪਵਾਈਆਂ "ਦਿਲ ਦਹਿਲੀਜ਼'' ਗੀਤਾਂ ਦੀ ਅਤੇ "ਪਰਵਾਜ਼-ਏ-ਦਿਲ'' ਗ਼ਜ਼ਲਾਂ ਤੇ ਕਵਿਤਾਵਾਂ ਦੀ। ਇਸ ਦੇ ਨਾ਼ਲ ਹੀ ਪੰਜਾਬੀ ਸਾਹਿਤ ਸਭਾ ਦੇ ਸਕੱਤਰ ਅਤੇ ਹੁਣ ਪ੍ਰਧਾਨ ਦੀਆਂ ਸੇਵਾਵਾਂ ਦੇ ਰਹੇ ਹਨ। ਹੁਣ ਇੱਕ ਸਬੱਬ ਅਜਿਹਾ ਬਣਿਆ ਕਿ ਹਰਭਜਨ ਬੈਂਸ ਹੋਰੀਂ ਅਮ-ਰੀਕਾ ਆਏ ਉਨ੍ਹਾਂ ਦਾ ਸੰਗ ਮਾਨਣ ਦਾ ਮੌਕਾ ਮਿਲਿਆ, ਉਨ੍ਹਾਂ ਦੀਆਂ ਕਿਤਾਬਾਂ ਦਾ ਪਾਠ ਕੀਤਾ। ਪੁਰਾਣੀਆਂ ਮਿ-ਲਣੀਆਂ ਯਾਦ ਆਈਆਂ। ਸਭਾ ਵਲੋਂ ਉਨ੍ਹਾਂ ਨੂੰ ਸਾਹਿਤ ਪ੍ਰੇਮੀਆਂ ਦੇ ਰੂ-ਬ-ਰੂ ਕਰਵਾਇਆ। ਇਸ ਸਮਾਗਮ ਵਿਚ ਹੀ ਦਿਲ ਨੇ ਇੱਕ ਸਮਰਪਿਤ ਕਵਿਤਾ ਐਲਾਨ ਕੀਤਾ ਕਿ ਮੈਂ ਹਰਭਜਨ ਬੈਂਸ ਜੀ ਨੂੰ ਉਸਤਾਦ ਧਾਰਨ ਕਰਨ ਜਾ ਰਿਹਾ ਹਾਂ। ਉਹਨਾਂ ਨੇ ਮਨਜ਼ੂਰੀ ਲੈ ਕੇ ਦੋਸ਼ਾਲਾ ਭੇਟ ਕਰਕੇ ਇਹ ਰਸਮ ਨਿਭਾਈ। ਬੈਂਸ ਹੋਰਾਂ ਨੇ ਦਿਲ ਨੂੰ ਦਿਲੋਂ ਸਵੀਕਾਰ ਕਰਦੇ ਹੋਏ ਕਾਪੀ ਤੇ ਪੈੱਨ ਦੇ ਕੇ ਕਵਿਤਾ ਦੀ ਹੋਰ ਸੇਵਾ ਕਰਨ ਦਾ ਅਸ਼ੀਰਵਾਦ ਦਿੱਤਾ। ਦੇਸ਼ ਭਗਤੀ, ਸਮ-ਾਜਿਕ ਬੁਰਾਈਆਂ, ਅਡੰਬਰਾਂ ਦੇ ਖ਼ਿਲਾਫ਼ ਅਤੇ ਸਾਫ਼ ਸੁਥਰੀ ਸ਼ਾਇਰੀ ਕਰਨ ਵਾਲੇ ਦਿਲ ਨਿੱਜਰ ਦਾ ਇਹ ਦਿਨ ਸਾਹਿਤਕ ਸਫ਼ਰ ਦਾ ਇੱਕ ਵਿਸ਼ੇਸ਼ ਹਾਸਿਲ ਹੋ ਨਿਬੜਿਆ। ਮੌਕੇ ਤੇ ਲਿਖੀ ਇਹ ਕਵਿਤਾ ਉਸ ਦੇ ਮਨ ਦੀ ਗੱਲ ਕਰਦੀ ਹੈ।



ਅਜੇ ਨਾ ਪੁੱਛੋ ਅੰਬਰਾਂ ਦੇ ਬਾਰੇ,
ਅਜੇ ਤਾਂ ਪਰਾਂ ਨੇ ਭਰੀ ਹੈ ਉਡਾਰੀ।
ਕਿੰਨੇ ਕਦਮ ਪੁੱਟੇ ਮੈਂ ਮੰਜ਼ਿਲਾਂ ਦੇ ਵੱਲ ਨੂੰ,
ਕਰਾਂਗਾ ਮੈਂ ਗਿਣਤੀ ਉਮਰ ਪਈ ਸਾਰੀ।
ਨਾ ਪੁੱਛੋ ਮੈਨੂੰ ਕਵਿਤਾ ਤੇ ਗ਼ਜ਼ਲ ਦੇ ਬਾਰੇ
ਅਜੇ ਤਾਂ ਮੈਂ ਕਾਗਜ਼ ਤੇ ਕਲਮ ਹੈ ਉਤਾਰੀ।
ਲਿਖਾਂਗਾ ਬਹਿਰਾਂ, ਰਦੀਫ਼ਾਂ ਚ ਵੀ ਰਹਿ ਕੇ
ਅਜੇ ਤਾਂ ਮੈਂ ਲਿਖਣ ਦੀ ਕੀਤੀ ਹੈ ਤਿਆਰੀ।
ਰੱਖਾਂਗਾ ਵਜ਼ਨ ਤੇ ਤੋਲ ਵੀ ਮੈਂ ਪੂਰਾ
ਅਜੇ ਤਾਂ ਮੈਂ ਬੈਂਸ ਜੀ ਦੀ ਸ਼ਾਗਿਰਦੀ ਹੈ ਧਾਰੀ।

**(ਰਿਪੋਰਟ ਤੇ ਤਸਵੀਰਾਂ- ਦੇਸ਼ ਦੁਆਬਾ)**





# ਪਾਰਲੀਮੈਂਟ ਵਿੱਚ ਗੱਜਣ ਵਾਲਾ- ਸ. ਹਰਭਜਨ ਸਿੰਘ ਖਾਲਸਾ







ਇਕਬਾਲ ਸਿੰਘ ਜੱਬੋਵਾਲੀਆ ਸ. ਹਰਭਜਨ ਸਿੰਘ ਖਾਲਸਾ ਨਾਲ

ਸਿੰਘ ਸਜਣ ਦੀ ਜਿੰਦਗੀ ਦੀ ਅਧੂਰੀ ਤਾਂਘ ਵੀ ਜਾਂਦੀ ਵਾਰ ਪੂਰੀ ਕਰ ਗਿਐ। ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਸ਼੍ਰੀ ਹਰਭਜਨ ਲਾਖਾ ਤੋਂ ਸ. ਹਰਭਜਨ ਸਿੰਘ ਖਾਲਸਾ, ਬਾਬਾ ਸਾਹਿਬ ਅੰਬੇਡਕਰ ਜੀ ਦਾ ਅਧੂਰਾ ਮਿਸ਼ਨ ਨੂੰ ਵੀ ਨੇਪਰੇ ਚਾੜ੍ਹ ਗਿਐ। ਕੌਮ ਦੇ ਆਮ ਲੋਕਾਂ ਦਾ ਇਹੀ ਗਿਲ੍ਹਾ-ਸ਼ਿਕਵਾ ਰਹਿੰਦਾ ਸੀ ਕਿ ਸ਼੍ਰੀ ਅਕਾਲ- ਤਖ਼ਤ ਸਾਹਿਬ 'ਤੇ ਕਾਬਜ਼ ਘਟੀਆ ਸੋਚ ਵਾਲਿਆਂ ਨੇ ਬਾਬਾ ਸਾਹਿਬ ਨੂੰ ਅਮ੍ਰਿਤ ਨਹੀਂ ਸੀ ਛਕਣ ਦਿਤਾ। ਅਕਾਲ-ਤਖ਼ਤ ਸਾਹਿਬ ਉਹੀ ਹੈ ਪਰ ਸਦੀ ਬਦਲ ਗਈ ਹੈ। ਸਮੇਂ ਦੇ ਬਦਲਣ ਨਾਲ ਚੰਗੀ ਸੋਚ ਦੇ ਮਾਲਕਾਂ/ ਜਥੇਦਾਰਾਂ ਦਾ ਪ੍ਰਵੇਸ਼ ਹੋ ਗਿਆ ਹੈ। ਜਾਂ ਸਮੇਂ ਨੇ ਉਨ੍ਹਾਂ ਦੀ ਸੋਚ ਬਦਲ ਦਿਤੀ ਹੈ। ਇਹ ਤਾਂ ਪ੍ਰਮਾਤਮਾਂ ਹੀ ਜਾਣਦਾ ਹੈ। ਕੀ ਸ. ਹਰਭਜਨ ਸਿੰਘ ਖਾਲਸਾ ਨੂੰ ਅਮ੍ਰਿਤ ਛਕਣ ਤੋਂ ਕੋਈ ਰੋਕ ਸਕਦਾ ਸੀ। ਬੜੇ ਜ਼ੋਰ-ਸ਼ੋਰ ਨਾਲ ਸਾਥੀਆਂ ਸਮੇਤ ਸਿੰਘ ਸਜਿਆ। ਸਾਰੀ ਦੁਨੀਆਂ 'ਚ ਪਤਾ ਲੱਗ ਗਿਆ ਸੀ ਕਿ ਲਾਖਾ ਸਾਹਿਬ ਜੀ ਖੰਡੇ-ਬਾਟੇ ਦਾ ਅਮ੍ਰਿਤ ਛੱਕ ਕੇ ਸਿੰਘ ਸੱਜਣਗੇ।

ਵਧੀਆ ਸੋਚ ਦਾ ਮਾਲਕ। ਗੁਰੂ-ਗ੍ਰੰਥ ਸਾਹਿਬ ਵਿੱਚ ਯਕੀਨ ਰੱਖਣ ਵਾਲਾ।ਜਦੋਂ ਵੀ ਕਿਤੇ ਮੇਲ ਹੋਣੇ ਹਰ ਵੇਲੇ ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਗੱਲ-ਬਾਤ ਕਰਨੀਂ- ਇਕਬਾਲ ਸਿੰਹਾਂ-ਜੇਹੜਾ ਮੰਨੇ ਉਹਦਾ ਹੀ ਹੈ ਗੁਰੂ-ਗ੍ਰੰਥ ਸਾਹਿਬ। ਆਖਰੀ ਵਾਰ ਉਹਦੇ ਨਾਲ ਬੰਗੀ ਬਣਦੀ ਕੋਠੀ ਵਿੱਚ ਮੇਲ ਹੋਏ। ਮੈਂ ਪੰਜਾਬ ਗਿਆ ਹੋਇਆ ਸਾਂ। ਕੈਨੇਡਾ ਤੋਂ ਮੇਰਾ ਦੋਸਤ ਭੀਣ ਵਾਲਾ ਚਰਨਜੀਤ ਸੰਧੀ ਵੀ ਕੁਦਰਤੀ ਗਿਆ ਹੋਇਆ ਸੀ। ਮੈਂ ਲਾਖਾ ਜੀ ਨੂੰ ਫ਼ੋਨ ਕੀਤਾ। ਮਿਲਣ ਬਾਰੇ। ਬੜੇ ਖ਼ੁਸ਼ ਹੋਏ। ਅਵਾਜ਼ ਸੁਣ ਕੇ। ਤੇ ਕਿਹਾ ਕੱਲ੍ਹ ਨੂੰ ਬੰਗੀ ਕੋਠੀ ਆ ਜਾਓ। ਜਾਣ ਲੱਗਾ ਮੈਂ ਚਰਨਜੀਤ ਨੂੰ ਵੀ ਨਾਲ ਲੈ ਗਿਆ। ਜਾ ਕੇ ਵੇਖਿਆ, ਰੰਗ-ਰੋਗਨ ਵਾਲੇ ਲੱਗੇ ਹੋਏ ਸਨ। ਲੱਕੜੀ ਵਾਲੇ ਤਾਕੀਆਂ ਦਰਵਾਜ਼ੇ ਫਿੱਟ ਕਰੀ ਜਾ ਰਹੇ ਸਨ। ਸਾਨੂੰ ਵੇਖ ਕੇ ਚਾਅ ਚੜ੍ਹ ਗਿਆ। ਚਾਹ-ਪਾਣੀ ਪੀਦੇਂ ਰਹੇ ਤੇ ਗੱਲਾਂ ਬਾਤਾਂ ਕਰੀ ਗਏ। ਕਹਿਣ ਲੱਗੇ ਆਓ, ਤੁਹਾਨੂੰ ਕੋਠੀ ਵਿਖਾਵਾਂ। ਬੜੇ ਚਾਅ ਨਾਲ ਕੋਠੀ ਦੇ ਸਾਰੇ ਕਮਰੇ ਵਿਖਾਏ। ਨਾਲੇ ਕਹੀ ਜਾਣ, ਵਧੇਰਾ ਘੁੰਮ ਲਿਆ ਹੁਣ 'ਔਸ' ਕਮਰੇ 'ਚ ਬਹਿ ਕੇ ਰੱਬ ਰੱਬ ਕਰਿਆ ਕਰਨਾ। ਦਿਲ ਕਰੇ ਤੇ ਨਿਆਣਿਆਂ ਕੋਲ ਕੈਨੇਡਾ ਘੁੰਮ ਆਇਆ ਕਰਨਾ। ਬੜੀ ਦੇਰ ਉਹਨਾਂ ਕੋਲ ਬੈਠੇ ਰਹੇ ਤੇ ਗੱਲਾਂ ਦਾ ਨਿੱਘ ਮਾਣਦੇ ਰਹੇ।

ਲਾਖਾ ਜੀ ਤੋਂ ਵਿਦਾ ਲੈ ਕੇ ਤੁਰਨ ਲੱਗੇ ਤਾਂ ਚਰਨਜੀਤ ਨੇ ਕਿਹਾ- ਲਾਖਾ ਜੀ ਕੱਲ੍ਹ ਨੂੰ ਮੈਂ ਪਿੰਡ (ਭੀਣ) ਅੱਖਾਂ ਦਾ ਕੈਂਪ ਲੁਆਉਣਾ, ਜਰੂਰ ਆਉਣਾ। ਚਰਨਜੀਤ ਉਨ੍ਹਾਂ ਦੇ ਪਿੰਡ ਵਿਆਹਿਆ ਹੋਣ ਕਰਕੇ ਥਾਪੜਾ ਦੇ ਕੇ ਲਾਖਾ ਜੀ ਕਹਿਣ ਲੱਗੇ- ਆਹ ਤਾਂ ਬਈ ਬਹੁਤ ਵਧੀਆ ਕੰਮ ਐ, ਲੋੜਵੰਦਾਂ ਦੀ ਮੱਦਦ ਕਰਨੀ ਚਾਹੀਦੀ ਐ। ਅੱਖਾਂ ਦਾ ਕੈਂਪ ਲੁਆਉਣਾ ਤਾਂ ਬਹੁਤ ਪੁੰਨ ਦਾ ਕੰਮ ਐ। ਹੋਰ ਐਨ ਆਰ ਆਈ ਭਰਾਵਾਂ ਨੂੰ ਵੀ ਪੰਜਾਬ ਵਿੱਚ ਆ ਕੇ ਅਜਿਹੇ ਕਾਰਜ ਕਰਨੇ ਚਾਹੀਦੇ ਹਨ।

ਦੂਜੇ ਦਿਨ ਸੁਵੱਖਤੇ ਹੀ ਲਾਖਾ ਜੀ ਨੇ ਹਵੇਲੀ ਮੂਹਰੇ ਗੱਡੀ ਲਾ ਕੇ ਘਰ ਨੂੰ ਸੁਨੇਹਾ ਭੇਜ ਦਿਤਾ। ਸਮੇਂ ਦਾ ਐਨਾ ਪਾਵੰਦ? ਮੈਂ ਹੈਰਾਨ।ਮੇਰੇ ਜਾਂਦੇ ਨੂੰ ਸਾਡੀ ਹਵੇਲੀ ਮੂਹਰੇ ਬਣੇ ਸ਼੍ਰੀ ਗੁਰੂ-ਰਵਿਦਾਸ ਘਰ ਨੂੰ ਵੇਖੀ ਜਾਣ ਤੇ ਸ਼੍ਰੀ ਨਿਸ਼ਾਨ ਵੱਲ ਨੂੰ ਉਪਰ ਨੂੰ ਵੇਖੀ ਜਾਣ।"ਲਾਖਾ ਜੀ ਨਿਸ਼ਾਨ ਸਾਹਿਬ ਵੱਲ੍ਹ ਕੀ ਵੇਖੀ ਜਾਂਦੇ ਓ?"-ਮੈਂ ਜਾਂਦੇ ਨੇ ਸਵਾਲ ਕੀਤਾ। ਤੁਹਾਡੇ ਪਿੰਡ ਦਾ ਨਿਸ਼ਾਨ ਸਾਹਿਬ ਵੇਖ ਕੇ ਮਨ ਖ਼ੁਸ਼ ਹੋ ਗਿਐ। ਸਾਡੀ ਕੌਮ ਤਾਂ ਨਿਸ਼ਾਨਾਂ ਪਿਛੇ ਲੜੀ ਜਾ ਰਹੀ ਹੈ ਪਰ ਇਥੇ ਖੰਡਾ ਸਾਹਿਬ ਦਾ ਨਿਸ਼ਾਨ ਵੇਖ ਕੇ ਤੁਹਾਡੇ ਪਿੰਡ ਦੇ ਬਲਿਹਾਰੇ ਜਾਂਦਾ ਹਾਂ, ਜੋ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੇ ਹੋਏ ਓ। ਅੱਛਾ ਛੇਤੀ ਕਰ ਆਪਾਂ ਲੇਟ ਨਾ ਹੋ ਜਾਈਏ।"

**ਇਕਬਾਲ ਸਿੰਘ ਜੱਬੋਵਾਲੀਆ**
**1 (917) 375-6395**

"ਲਾਖਾ ਜੀ ਤੁਸੀ ਆਪਣੀ ਗੱਡੀ 'ਚ ਬੈਠੋ ਤੇ ਮੈਂ ਆਪਣੀ ਗੱਡੀ 'ਚ, ਤੁਹਾਡੇ ਪਿਛੇ ਪਿਛੇ ਆਉਦਾਂ ਹਾਂ, ਮੈਂ ਕਿਤੇ ਹੋਰ ਵੀ ਜਾਣਾ ਹੈ।"

"ਨਹੀਂ ਨਹੀਂ ਛੋਟੇ ਭਾਈ ਮੇਰੇ ਨਾਲ ਬਹਿ, ਅੱਜ ਕਿਤੇ ਨੀ ਜਾਣਾ, ਸਾਰੇ ਕੰਮ ਕੈਂਸਲ ਕਰ ਦੇ। ਤੂੰ ਮੇਰੇ ਯਾਰ ਹੈਡਮਾਸਟਰ ਗਿਆਨ ਸਿੰਘ ਦਾ ਭਰਾ ਹੈਂ । ਉਹ ਘਾਟ ਤਾਂ ਪੂਰੀ ਨਹੀਂ ਹੋਣੀ, ਆਪਾਂ ਦੋਨੇਂ ਗੱਲਾਂ-ਬਾਤਾਂ ਕਰਦੇ ਚਲਦੇ ਹਾਂ।"

ਸੱਤ ਬਚਨ ਕਹਿ ਕੇ ਮੈਂ ਨਾਲੇ ਬਹਿ ਗਿਆ। ਜੱਬੋਵਾਲ-ਭੀਣ ਦਾ ਬੰਨਾਂ-ਬਸੀਮਾਂ ਹੋਣ ਕਰਕੇ ਮਿੰਟੋ-ਮਿੰਟੀ ਅਸੀਂ ਭੀਣ ਪਹੁੰਚ ਗਏ। ਪਤਾ ਲੱਗਦੇ ਹੀ ਹੌਲੀ-ਹੌਲੀ ਪਿੰਡ ਦੇ ਲੋਕੀ ਆ ਕੇ ਲਾਖਾ ਜੀ ਦੁਆਲੇ 'ਕੱਠੇ ਹੋਣ ਲੱਗੇ। ਅੱਖਾਂ ਦਾ ਇਲਾਜ਼ ਕਰਾਣ ਵਾਲੇ ਸ਼੍ਰੀ ਗੁਰੂ ਰਵਿਦਾਸ ਗੁਰੂ-ਘਰ ਵਿਖੇ ਪਹਿਲਾਂ ਹੀ ਪਹੁੰਚੇ ਹੋਏ ਸਨ। ਜਦੋਂ ਨੂੰ ਨਵਾਂ-ਸ਼ਹਿਰ ਤੋਂ ਡਾਕਟਰ ਵੀ ਆ ਗਿਆ। ਸਾਰਾ ਦਿਨ ਅੱਖਾਂ ਦਾ ਚੈਕ-ਅੱਪ ਹੁੰਦਾ ਰਿਹਾ ਤੇ ਚਾਹ-ਪਾਣੀ ਦਾ ਲੰਗਰ ਚਲਦਾ ਰਿਹਾ। ਮੈਂ ਤੇ ਲਾਖਾ ਸਾਹਿਬ ਵੀ ਉਥੇ ਇਕ ਪਾਸੇ ਹੋ ਕੇ ਬੈਠੇ ਰਹੇ ਤੇ ਆਪਣੀਆਂ ਗੱਲਾਂ 'ਚ ਮਸਤ ਰਹੇ। ਗੁਰੂ-ਘਰ ਦੀ ਕਮੇਟੀ ਨੇ ਮੈਨੂੰ ਤੇ ਲਾਖਾ ਸਾਹਿਬ ਜੀ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ। ਗੁਰੂ-ਘਰ ਦੀ ਸਟੇਜ਼ ਤੋਂ ਅਸਾਂ ਦੋਨਾਂ ਨੇ ਪਿੰਡ ਵਾਲਿਆਂ ਨਾਲ ਵਿਚਾਰ ਸਾਂਝੇ 'ਤੇ ਗੁਰੂ-ਗ੍ਰੰਥ ਸਾਹਿਬ ਨਾਲ ਜੁੜਨ ਦਾ ਸੰਦੇਸ਼ ਦਿਤਾ ਤੇ ਚਰਨਜੀਤ ਨੂੰ ਅੱਖਾਂ ਦੇ ਫ਼ਰੀ ਇਲਾਜ਼ ਦਾ ਕੈਂਪ ਲਾਉਣ ਦਾ ਧੰਨਵਾਦ ਕੀਤਾ।

'91 ਦੀ ਗੱਲ ਹੈ ਅਮਰੀਕਾ ਤੋਂ ਅੱਠਾਂ ਸਾਲਾਂ ਬਾਅਦ ਮੈਂ ਪੰਜਾਬ ਗਿਆ ਹੋਇਆ ਸਾਂ। ਲਾਖਾ ਸਾਹਿਬ ਇਕ ਦਿਨ ਆਪਣੇ ਗੰਨਮੈਨਾਂ ਨਾਲ ਜੀਪ 'ਚ ਸਾਡੇ ਪਿੰਡ ਆਏ। ਮੂਹਰੇ ਵੱਡੇ ਵੀਰ ਹੈਡਮਾਸਟਰ ਗਿਆਨ ਸਿੰਘ ਸਟੇਜ਼ ਸਾਂਭ ਰਹੇ ਸਨ। ਜਦੋਂ ਵੀ ਪਿੰਡ ਹਲਕਾ ਨਵਾਂ ਸ਼ਹਿਰ ਦੇ ਕਾਂਗਰਸੀ ਵਿਧਾਇਕ ਸ. ਦਿਲਬਾਗ ਸਿੰਘ(ਖੇਤੀ ਬਾੜੀ ਮੰਤਰੀ) ਆਵੇ ਜਾਂ ਉਸ ਦੀ ਮੌਤ ਤੋਂ ਬਾਅਦ ਉਹਦਾ ਬੇਟਾ ਚੰਨੀ ਜਾਂ ਉਹਦਾ ਚਚੇਰਾ ਭਰਾ ਸ. ਪ੍ਰਕਾਸ਼ ਸਿੰਘ ਜਾਂ ਕਿਸੇ ਹੋਰ ਲੀਡਰ ਨੇ ਪਿੰਡ ਆਉਣਾ ਹੁੰਦਾ ਤਾਂ ਉਹ ਪਹਿਲਾਂ ਹੀ ਵੱਡੇ ਵੀਰ ਨੂੰ ਮੂਸਾਪੁਰ ਸੁਨੇਹਾ ਭੇਜ ਦਿੰਦੇ ਸਨ ਕਿ ਉਹ ਐਸ ਸਮੇਂ ਦੇ ਲੱਗਪਗ ਉਥੇ ਰਹਿਣ। ਕਿਉਂਕਿ ਚਾਹ-ਪਾਣੀ, ਸੇਵਾ ਸੰਭਾਲ ਦਾ ਕੰਮ ਵੱਡਾ ਵੀਰ ਹੀ ਕਰਦਾ ਹੁੰਦਾ ਸੀ।

ਅੱਛਾ ਜੀ, ਲਾਖਾ ਸਾਹਿਬ ਸਟੇਜ਼ 'ਤੇ ਪਿੰਡ ਵਾਲਿਆਂ ਨਾਲ ਵਿਚਾਰ ਸਾਂਝੇ ਕਰ ਰਹੇ ਸਨ। ਲਾਖਾ ਸਾਹਿਬ ਜੀ ਦਾ ਘੋਨ-ਮੋਨ ਜਿਹਾ ਬਾਡੀ-ਗਾਰਡ ਮੁੜ ਮੁੜ ਮੇਰੇ ਵੱਲ ਨੂੰ ਵੇਖੀ ਜਾਵੇ, ਕਿਉਂਕਿ ਮੈਂ ਟਰੈਕ-ਸੂਟ ਪਾ ਕੇ ਪੀਲਾ ਪਟਕਾ ਬੰਨ੍ਹਿਆ ਹੋਇਆ ਸੀ। ਲਾਖਾ ਸਾਹਿਬ ਤਾੜ ਗਏ ਕਿ ਉਹ ਕੋਈ ਭੁਲੇਖਾ ਖਾ ਰਿਹਾ ਹੈ। ਭਾਸ਼ਣ ਦਿੰਦੇ ਲਾਖਾ ਸਾਹਿਬ ਨੇ ਇਸ਼ਾਰੇ ਨਾਲ ਉਸ ਗੰਨਮੈਨ ਨੂੰ ਕੋਲ ਸੱਦਿਆ ਤੇ ਕਿਹਾ ਕਿ ਉਹਦੇ ਵੱਲ ਕੀ ਵੇਖ ਰਿਹੈ? ਤੈਨੂੰ ਪਤਾ ਇਹ ਕੌਣ ਹੈ? ਇਹ ਹੈਡਮਾਸਟਰ ਗਿਆਨ ਸਿੰਘ ਦਾ ਛੋਟਾ ਭਾਈ ਹੈ ਜੋ ਅਮਰੀਕਾ ਤੋਂ ਆਇਆ ਹੈ। ਬੰਦੇ ਕੁ ਬੰਦੇ ਦੀ ਪਛਾਣ ਰੱਖਿਆ ਕਰੋ। ਝੂਠਾ ਜਿਹਾ ਹੋ ਕੇ ਉਹ ਪਿਛੇ ਜਾ ਖੜ੍ਹਾ ਹੋਇਆ। ਅਜਿਹਾ ਇਨਸਾਨ ਸੀ ਲਾਖਾ ਸਾਹਿਬ ।

ਉਹ ਹਰ ਇਕ ਦੇ ਕੰਮ ਆਉਂਣ ਵਾਲਾ ਸੀ। 2004 ਦੀ ਬੀਜਿੰਗ ਉਲੰਪਿਕ ਜਾਣ ਵਾਲੇ ਕਰਨਾਣੇ ਵਾਲੇ ਜਸਵੀਰ ਸਿੰਘ ਬੰਗੜ ਦੇ ਵਿਆਹ 'ਤੇ ਉਸ ਪਰਿਵਾਰ ਨਾਲ ਹਰ ਤਰ੍ਹਾਂ ਖੜ੍ਹਾ ਹੋਇਆ। ਇਹ ਗੱਲ ਜਨਵਰੀ 2010 ਦੀ ਹੈ। ਜਸਵੀਰ ਦਾ ਪਿਤਾ ਨਾ ਹੋਣ ਕਰਕੇ ਬੜੇ ਭਰਾ ਦੇਸਰਾਜ ਨਾਲ ਪੈਰ ਪੈਰ 'ਤੇ ਨਾਲ ਰਿਹਾ। ਨਾਲ ਖੜ੍ਹ ਕੇ ਸਾਰੇ ਕਾਰਜ ਪੂਰੇ ਕਰਾਏ। ਬਾਪ ਦਾ ਚੇਤਾ ਨਾ ਆਉਂਣ ਦਿਤਾ। ਪੁਲਿਸ ਅਫ਼ਸਰਾਂ, ਖੇਡ ਅਫ਼ਸਰਾਂ ਤੇ ਸਰਕਾਰੀ ਅਦਾਰਿਆਂ ਤੋਂ ਆਏ ਪਤਵੰਤਿਆ ਦੀ ਆਉ-ਭਗਤ ਵਿੱਚ ਕੋਈ ਕਸਰ ਨਾ ਛੱਡੀ। ਇਸੇ ਤਰ੍ਹਾਂ ਹੀ ਬਸਪਾ ਵਿਧਾਇਕ ਮੈਂਬਰ ਪਾਰਲੀਮੈਂਟ ਤੇ ਬੰਗਾ ਕਾਲਜ ਦੇ ਮੇਰੇ ਕਲਾਸ-ਫ਼ੈਲੋ ਸ਼੍ਰੀ ਸਤਨਾਮ ਸਿੰਘ ਕੈਂਥ ਦੇ ਵਿਆਹ ਅਪ੍ਰੈਲ 1992 ਵਿੱਚ ਵੀ ਪੂਰੀ ਜ਼ੁਮੇਂਵਾਰੀ ਨਿਭਾਈ ਸੀ।

ਜਦੋਂ ਲਾਖਾ ਸਾਹਿਬ ਨੇ ਕੈਨੇਡਾ ਜਾਣਾ ਤਾਂ ਉਥੋਂ ਦੇ ਰੇਡੀਉ ਪ੍ਰੋਗਰਾਮ ਜਾਂ ਟੀ ਵੀ ਇੰਟਰਵਿਉ ਜਾਂ ਕੈਨੇਡਾ ਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਹਮੇਸ਼ਾਂ ਹੀ ਗੁਰੂ-ਗ੍ਰੰਥ ਦੀ ਗੱਲ ਕਰਨੀ। ਸਮਾਜ ਜਾਂ ਭਾਈਚਾਰੇ ਵਿੱਚ ਵੰਡੀਆਂ ਪਾਉਂਣ ਵਾਲਿਆਂ ਨੂੰ ਹਮੇਸ਼ਾਂ ਨਕਾਰਿਆ। ਜਦੋਂ ਪੰਜਾਬ ਵਿੱਚ ਰਵਿਦਾਸ ਗੁਰੂ-ਘਰਾਂ ਵਿੱਚੋਂ ਗੁਰੂ-ਗ੍ਰੰਥ ਸਾਹਿਬ ਚੁੱਕ ਕੇ ਦੂਜਾ ਰਖਾਉਂਣ ਦੀ ਰੌਲਾ-ਰੱਪਾ ਪੈ ਰਿਹਾ ਸੀ। ਤਾਂ ਲਾਖਾ ਸਾਹਿਬ ਨੇ ਆਪਣੀ ਜੀਪ ਪਿੰਡਾਂ 'ਚ ਘੁੰਮਾਈ ਤੇ ਪਿੰਡਾਂ ਦੇ ਨੌਜ਼ਵਾਨਾਂ ਨੂੰ ਲਾਮਵੰਦ ਕੀਤਾ ਤੇ ਗੁਰੂ-ਗ੍ਰੰਥ ਸਾਹਿਬ ਦੇ ਮਗਰ ਲੱਗਣ ਦਾ ਹੌਕਰਾ ਦਿੰਦੇ ਫਿਰਦੇ ਰਹੇ। ਉਹਨਾਂ ਦੇ ਦੱਸਣ ਅਨੁਸਾਰ ਕਿ ਨੌਜ਼ਵਾਨਾਂ ਨੇ ਉਹਦੇ ਇਸ ਸੁਨੇਹੇ 'ਤੇ ਫ਼ੁੱਲ ਚੜ੍ਹਾਏ।

ਹੁਣ ਅਸਲ ਗੱਲ ਵੱਲ ਆਉਂਦੇ ਹਾਂ। ਅਕਸਰ ਹੀ ਸੁਣਦੇ ਆ ਰਹੇ ਹਾਂ ਕਿ ਅੰਬੇਡਕਰ ਸਾਹਿਬ ਜੀ ਨੂੰ ਅਮ੍ਰਿਤ ਨਹੀਂ ਸੀ ਛੱਕਣ ਦਿਤਾ। ਜੇ ਛੱਕਣ ਦੀ ਇਜ਼ਾਜ਼ਤ ਮਿਲ ਜਾਂਦੀ ਤਾਂ ਸਾਰੀ ਕੌਮ ਨੇ ਜਾਂ ਗਰੀਬ, ਦਲਿਤਾਂ ਨੇ ਸਿੰਘ ਸਜੇ ਹੋਣਾ ਸੀ। ਜੇ ਮਾੜੀ ਸੋਚ ਵਾਲੇ ਲੋਕਾਂ ਨੇ ਬਾਬਾ ਸਾਹਿਬ ਨੂੰ ਅਮ੍ਰਿਤ ਛੁਕਾਉਣ ਤੋਂ ਇਨਕਾਰ ਕੀਤਾ ਸੀ। ਲਾਹਣਤ ਹੈ ਅਜਿਹੇ ਲੋਕਾਂ ਦੇ। ਕਿਉਂਕਿ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮੀਰ ਗਰੀਬ ਦਾ ਪਾੜਾ ਖਤਮ ਕਰਨ ਲਈ ਹੀ ਖੰਡੇ-ਬਾਟੇ ਦਾ ਅਮ੍ਰਿਤ ਤਿਆਰ ਕੀਤਾ ਸੀ। ਗਰੀਬਾਂ ਨੂੰ ਆਪਣੇ ਸੀਨੇ ਨਾਲ ਲਾਇਆ ਸੀ। ਹੁਣ ਸ. ਹਰਭਜਨ ਸਿੰਘ ਖਾਲਸਾ ਨੇ ਉਸੇ ਅਕਾਲ ਤਖ਼ਤ ਸਾਹਿਬ ਤੋਂ ਖੰਡੇ-ਬਾਟੇ ਦਾ ਅਮ੍ਰਿਤ ਛਕਿਆ ਜਿਥੋਂ ਬਾਬਾ ਸਾਹਿਬ ਨੂੰ ਰੋਕ ਦਿਤਾ ਗਿਆ ਸੀ। ਹੁਣ ਕੋਈ ਮਾਈ ਦਾ ਲਾਲ ਰੋਕ ਸਕਦਾ ਸੀ ਤਾਂ ਰੋਕਦਾ। ਅੰਮ੍ਰਿਤ ਵੀ ਉਹੀ ਛਕ ਸਕਦਾ ਜਿਸ ਵਿੱਚ ਦਮ ਜਾਂ ਆਤਮ ਵਿਸ਼ਵਾਸ ਹੋਵੇ।ਉਹ ਲਾਖਾ ਸਾਹਿਬ ਵਿੱਚ ਸੀ। ਹੁਣ ਦੇਖਣਾ ਇਹ ਹੈ ਕਿ ਹਰਭਜਨ ਸਿੰਘ ਖਾਲਸਾ ਮਗਰ ਕਿੰਨ੍ਹੇ ਕੁ ਲੱਗਦੇ ਹਨ। ਜਾਂ ਉਹਦੀ ਸੋਚ 'ਤੇ ਕਿਨ੍ਹੇ ਕੁ ਪਹਿਰਾ ਦਿੰਦੇ ਹਨ। ਜਾਂ ਸਟੇਜ਼ਾਂ ਉਤੇ ਲੰਬੇ ਲੰਬੇ ਭਾਸ਼ਣ ਦਿੰਦੇ ਰਹਿਣਗੇ।ਜਿਹੜਾ ਕੰਮ ਕੌਮ ਦੇ ਸੈਕੜੇ ਸੰਤ/ਬਾਬੇ ਨਹੀਂ ਕਰ ਸਕੇ ਉਹ 'ਕੱਲਾ ਸ. ਹਰਭਜਨ ਸਿੰਘ ਖਾਲਸਾ ਕਰ ਗਿਐ।ਕਰੋੜਾਂ ਦੀ ਅਬਾਦੀ ਵਾਲੀ ਕੌਮ ਵਿੱਚ ਸਵਾ ਲੱਖ ਹਰਭਜਨ ਸਿੰਘ ਖਾਲਸਾ ਗੁਰੂ-ਗ੍ਰੰਥ ਸਾਹਿਬ ਜੀ ਦਾ ਝੰਡਾ ਬੁਲੰਦ ਕਰ ਗਿਐ। ਲੱਖ ਲੱਖ ਸਲਾਮ ਹੈ ਅਜਿਹੇ ਇਨਸਾਨ ਨੂੰ।

ਹਰ ਫ਼ਿਰਕੇ ਦੇ ਲੋਕਾਂ ਨੇ ਉਹਦੀ ਮੌਤ ਦਾ ਦੁਖ ਮਨਾਇਆ।ਅਮ੍ਰਿਤ ਛਕਣ ਦੀਆਂ ਖ਼ਬਰਾਂ ਪੜ੍ਹ ਕੇ ਮੈਂ ਹਾਲੇ ਲਾਖਾ ਸਾਹਿਬ ਜੀ ਨੂੰ ਵਧਾਈਆਂ ਦੇਣੀਆਂ ਚਾਹੁੰਦਾ ਸਾਂ ਤੇ "ਲਾਖਾ ਜੀ ਦਾ ਅਮ੍ਰਿਤ ਛੱਕਣਾ ਕੌਮ ਲਈ ਇਕ ਸ਼ੁਭ-ਸ਼ਗਨ" ਦੇ ਸਿਰਲੇਖ ਹੇਠ ਲੇਖ ਲਿਖਣਾ ਚਾਹੁੰਦਾ ਸੀ। ਮੈਂ ਹਾਲੇ ਤਿਆਰੀਆਂ ਹੀ ਕਰ ਰਿਹਾ ਸਾਂ ਜਦੋਂ ਨੂੰ ਅਸ਼ੋਕ ਭੌਰਾ ਜੀ ਵਲੋਂ ਫ਼ੇਸ-ਬੁੱਕ 'ਤੇ ਪਾਈ ਇਹ ਮਨਹੂਸ ਖ਼ਬਰ ਪੜ੍ਹਨ ਨੂੰ ਮਿਲੀ। ਦਿਲ ਬਹੁਤ ਦੁਖੀ ਹੋਇਆ। ਦੁਨੀਆਂ ਦੇ ਕੋਨੇ-ਕੋਨੇ 'ਚ ਬੈਠੇ ਪੰਜਾਬੀਆਂ ਨੇ ਬਹੁਤ ਦੁਖ ਮਨਾਇਆ। ਹਾਲੇ ਜਾਣ ਦੀ ਉਮਰ ਨਹੀਂ ਸੀ। ਕੁਝ ਕੁ ਸਾਲ ਹੋਰ ਜੀਅ ਲੈਂਦਾਂ। ਤਰਲੋਚਨ ਸਿੰਘ ਦੁਪਾਲਪੁਰੀ ਨੇ ਵੀ ਬੜੇ ਦੁਖੀ ਹਿਰਦੇ ਨਾਲ ਵਿਚਾਰ ਸਾਂਝੇ ਕੀਤੇ।

ਪਾਰਲੀਮੈਂਟ ਵਿੱਚ ਸ਼ੇਰ ਵਾਂਗ ਗਰਜ਼ਣ ਵਾਲਾ ਸ. ਹਰਭਜਨ ਸਿੰਘ ਖਾਲਸਾ ਸਰੀਰਕ ਤੌਰ 'ਤੇ ਭਾਵੇ ਸਾਡੇ ਵਿਚਕਾਰ ਨਹੀਂ ਰਿਹਾ ਪਰ ਉਹਦੀ ਵਿਚਾਰਧਾਰਾ ਹਮੇਸ਼ਾਂ ਚਲਦੀ ਰਹੇਗੀ। 25 ਅਗਸਤ 1941 ਨੂੰ ਕਰਨਾਣੇ ਜਨਮਿਆਂ, ਦੇਸ਼-ਵਿਦੇਸ਼ ਵਿੱਚ ਘੁੰਮਿਆਂ,ਪਾਰਲੀਮੈਂਟ ਵਿੱਚ ਗਰਜਿਆ ਤੇ ਸਿੰਘ ਸਜ ਕੇ ਆਖਰ ਨੂੰ ਜੂਨ 11, 2014 ਨੂੰ ਕਰਨਾਣੇਂ ਦੀ ਮਿੱਟੀ ਵਿੱਚ ਮਿੱਟੀ ਹੋ ਗਿਆ। ਉਹਦੀ ਸੋਚ 'ਤੇ ਹਮੇਸ਼ਾਂ ਪਹਿਰਾ ਦੇਣਾਂ ਹੀ ਲਾਖਾ ਸਾਹਿਬ ਜੀ ਨੂੰ ਸੱਚੀ ਸ਼ਰਧਾਜ਼ਲੀ ਹੋਵੇਗੀ। ਆਖਰ ਵਿੱਚ ਰਾਜੂ ਵੀਰ ਜੀ ਦੀਆਂ ਲਾਖਾ ਜੀ ਬਾਰੇ ਲਿਖੀਆਂ ਸਤਰਾਂ ਯਾਦ ਆ ਰਹੀਆਂ ਨੇ-

"ਕੌਣ ਕਹਿੰਦਾ ਸ. ਹਰਭਜਨ ਸਿੰਘ ਦੁਨੀਆਂ ਤੋਂ ਕੂਚ ਕਰ ਗਿਆ, ਸਾਡੇ ਦਿਲਾਂ ਅੰਦਰ ਅੱਜ ਵੀ ਵਾਸ ਉਹਦਾ,
ਰੂਹ ਉਸਦੀ ਅੱਜ ਵੀ ਵਸਦੀ ਹੈ ਸਾਡੇ ਮਨ ਅੰਦਰ,
ਹਰ ਲਫ਼ਜ ਸਾਡੇ ਲਈ ਖਾਸ ਉਹਦਾ,
ਵਿੱਚ ਪਾਰਲੀਮੈਂਟ ਦੇ ਗੱਜਿਆ ਸੀ ਸ਼ੇਰ ਵਾਂਗਰ,
ਮੈਂ ਨਹੀਂ ਕਹਿੰਦਾ ਬੋਲਦਾ ਇਤਿਹਾਸ ਉਹਦਾ,
ਗੁਰੂ-ਗ੍ਰੰਥ ਸਾਹਿਬ ਜੀ ਨੂੰ ਮੰਨਦਾ ਸੀ ਇਸ਼ਟ ਆਪਣਾ,
'ਰਾਜੂ' ਉੱਚਾ-ਸੁੱਚਾ ਸੀ ਹਰ ਖਿਆਲ ਉਹਦਾ।"

## ਪ੍ਰਵਾਸੀ ਭਾਰਤੀ ਨੇ ਆਪਣੀ ਪਹਿਲੀ ਪਤਨੀ ਨਾਲ ਮਿਲ ਕੇ ਕੀਤਾ ਦੂਜੀ ਪਤਨੀ ਦਾ ਕਤਲ

ਮੁਕੰਦਪੁਰ, (ਰੇਸ਼ਮ ਕਰਨਾਣਵੀ)- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕਰਨਾਣਾ ਦੇ ਭਾਗੋ ਦੇ ਖੂਹ ਵਿੱਚੋ ਪ੍ਰਵਾਸੀ ਭਾਰਤੀ ਵੱਲੋ ਆਪਣੀ ਪਹਿਲੀ ਤਲਾਕ ਸ਼ੁਦਾ ਪਤਨੀ ਨਾਲ ਮਿਲ ਕੇ ਦੂਜੀ ਪ੍ਰਵਾਸੀ ਭਾਰਤੀ ਪਤਨੀ ਦਾ ਟੋਟੇ-ਟੋਟੇ ਕੀਤਾ ਸਰੀਰ ਲਾਸ਼ ਦੇ ਰੂਪ ਵਿੱਚ ਮਿਲਿਆ ਹੈ। ਮ੍ਰਿਤਕ ਔਰਤ ਨਰਿੰਦਰ ਕੌਰ (34) ਦੇ ਪਿਤਾ ਗੁਰਦੇਵ ਸਿੰਘ ਤੇ ਮਲਕੀਤ ਸਿੰਘ (ਰਿਸ਼ਤੇਦਾਰ) ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਕਿ ਮੇਰੀ ਲੜਕੀ, ਉਸ ਦਾ ਪਤੀ ਤੇ ਦੋਨੋਂ ਬੱਚੇ ਕਰੀਬ ਦੋ ਮਹੀਨੇ ਪਹਿਲਾਂ ਇੰਗਲੈਂਡ ਤੋਂ ਭਾਰਤ ਆਏ ਸੀ। 15 ਜਨਵਰੀ ਨੂੰ ਲੜਕੀ ਦਾ ਪਤੀ ਗੁਰਨਾਮ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਮੱਲ੍ਹਾ ਸੋਢੀਆਂ ਹਾਲ ਵਾਸੀ ਬੰਗਾ ਇੱਥੋਂ ਆਪਣੇ ਦੋ ਬੱਚਿਆਂ ਨੂੰ ਨਾਲ ਲੈ ਕੇ ਇੰਗਲੈਂਡ ਲਈ ਰਵਾਨਾ ਹੋ ਗਿਆ। ਇੰਗ-ਲੈਂਡ ਗਈ ਲੜਕੀ ਨਾਲ ਕਾਫੀ ਕੋਸ਼ਿਸ਼ ਦੇ ਬਾਅਦ ਵੀ ਸਾਡਾ ਸੰਪਰਕ ਨਹੀਂ ਹੋਇਆ ਤਾਂ ਅਸੀਂ ਆਪਣੇ ਵਿਦੇਸ਼ ਰਹਿੰਦੇ ਰਿਸ਼ਤੇਦਾਰਾਂ ਰਾਹੀਂ ਪਤਾ ਕੀਤਾ ਤੇ ਉਨ੍ਹਾਂ ਦੱਸਿਆ ਕਿ ਸਾਡੀ ਲੜਕੀ ਇੰਗਲੈਂਡ ਨਹੀਂ ਪਹੁੰਚੀ, ਤੇ ਅਸੀਂ ਪੁਲਿਸ ਨੂੰ ਇਤਲਾਹ ਕੀਤੀ ਤੇ ਪੁਲਿਸ ਨੂੰ ਨਾਲ ਲੈ ਕੇ ਅਸੀਂ ਲੜਕੀ ਦੀ ਤਲਾਸ਼ ਕਰਨ ਲੱਗੇ। ਕਈ ਦਿਨਾਂ ਦੀ ਛਾਣਬੀਣ ਤੋਂ ਬਾਅਦ ਪਤਾ ਲੱਗਾ ਕਿ ਸਾਡੀ ਲੜਕੀ ਦਾ ਕਤਲ ਹੋ ਚੁੱਕਾ ਹੈ। ਮ੍ਰਿਤਕ ਔਰਤ ਦੇ ਪਿਤਾ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਉਹਨਾਂ ਦੀ ਲੜਕੀ ਦਾ ਕਤਲ ਉਸ ਦੇ ਪਤੀ ਗੁਰਨਾਮ ਸਿੰਘ ਤੇ ਉਸ ਦੀ ਪਹਿਲੀ ਤਲਾਕਸ਼ੁਦਾ ਪਤਨੀ ਸਤਿੰਦਰ ਕੌਰ ਨੇ ਮਿਲ ਕੇ ਲਾਸ਼ ਨੂੰ ਖੁਰਦ-ਬੁਰਦ ਕਰਨ ਲਈ ਪਿੰਡ ਕਰਨਾਣਾ ਦੇ ਇੱਕ ਬੇ-ਅਬਾਦ ਖੂਹ ਵਿੱਚ ਸੁੱਟ ਦਿੱਤਾ ਸੀ । ਲਾਸ਼ ਕੱਢਣ ਮੌਕੇ ਦਿਲਬਾਗ ਸਿੰਘ ਪੰਨੂੰ ਐਸ. ਪੀ. ਡੀ .ਨਵਾਂਸ਼ਹਿਰ, ਡੀ. ਐਸ. ਪੀ. ਬੰਗਾ ਸਰਬਜੀਤ ਬਾਹੀਆ, ਡਿਊਟੀ ਮ-ਜਸਟਰੇਟ ਸੰਜੇ ਸ਼ਰਮਾ ਦੀ ਮੌਜੂਦਗੀ ਵਿੱਚ ਜਦੋਂ ਲਾਸ਼ ਨੂੰ ਖੂਹ ਵਿੱਚੋਂ ਕੱਢਿਆ ਗਿਆ ਤਾਂ ਲੋਕਾਂ ਦਾ ਭਾਰੀ ਇਕੱਠ ਹੋ ਗਿਆ ਤੇ ਉਹ ਮੰਜ਼ਰ ਦਿਲ ਦਹਿਲਾਉਣ ਵਾਲਾ ਸੀ ਔਰਤ ਦਾ ਸਰੀਰ ਟੋਟੇ-ਟੋਟੇ ਕਰਕੇ ਦੋ ਪਲਾਸਟਿਕ ਦੇ ਬੋਰਿਆਂ ਵਿੱਚ ਭਰਿਆ ਹੋਇਆ ਸੀ । ਚਾਲੀ ਫੁੱਟ ਡੂੰਘੇ ਖੂਹ ਵਿੱਚੋਂ ਕਾਫੀ ਜੱਦੋ-ਜਹਿਦ ਦੇ ਬਾਅਦ ਲਾਸ਼ ਨੂੰ ਕੱਢਿਆ ਗਿਆ। ਡੀ. ਐਸ. ਪੀ. ਸਰਬਜੀਤ ਬਾਹੀਆ ਨੇ ਦੱਸਿਆ ਕਿ ਛਾਣਬੀਣ ਵਿਚ ਇਹ ਪਾਇਆ ਗਿਆ ਕਿ ਪਿਛਲੇ ਦਿਨਾਂ ਵਿਚ ਪਿੰਡ ਰਾਏਪੁਰ ਡੱਬਾ ਦੇ ਬਲਬੀਰ ਸਿੰਘ ਨਾਲ ਗੁਰਨਾਮ ਸਿੰਘ ਦਾ ਜ਼ਿਆਦਾ ਰਾਬਤਾ ਰਿਹਾ ਸੀ ਉਸ ਨੂੰ ਹਿਰਾਸਤ ਵਿਚ ਲੈਣ ਤੇ ਪੁੱਛਗਿੱਛ ਤੋਂ ਹੀ ਨਰਿ-ੰਦਰ ਕੌਰ ਦੀ ਲਾਸ਼ ਦੇ ਖੂਹ ਵਿਚ ਸੁੱਟੇ ਹੋਣ ਦਾ ਪਤਾ ਲੱਗਿਆ ਸੀ।



## ਜੱਸੀ ਬੰਗਾ ਯੂ.ਐਸ.ਏ. ਤੇ ਹੈਪੀ ਮਨੀਲਾ ਵਲੋਂ ਗਾਇਕ ਗੁਰਬਖਸ਼ ਸ਼ੌਂਕੀ ਦੀ ਧਾਰਮਿਕ ਐਲਬਮ ਰੀਲੀਜ਼

ਜਲੰਧਰ- ਅੰਤਰਰਾਸ਼ਟਰੀ ਪ੍ਰਮੋਟਰ ਤੇ ਗੀਤਕਾਰ ਜੱਸੀ ਬੰਗਾ ਯੂ.ਐਸ.ਏ. ਅਤੇ ਹੈਪੀ ਮਨੀਲਾ ਵਲੋਂ ਸਥਾਪਿਤ ਐਚ.ਐਮ.ਈ. ਮਿਊਜ਼ਿਕ ਕੰਪਨੀ 'ਚ ਗਾਇਕ ਗੁਰਬਖਸ਼ ਸ਼ੌਂਕੀ ਦੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਧਾਰਮਿਕ ਸ਼ਬਦਾਂ ਦੀ ਐਲਬਮ ਰੀਲੀਜ਼ ਕੀਤੀ ਗਈ ਹੈ। ਜਿਸ ਵਿਚ ਗੀਤ 'ਚੱਲੀਏ ਕਾਂਸ਼ੀ ਵਾਲੀ ਰੇਲੇ' ਜਲਦ ਹੀ ਵੱਖ ਵੱਖ ਚੈਨਲਾਂ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਸ ਸਬੰਧੀ ਜੱਸੀ ਬੰਗਾ ਯੂ.ਐਸ.ਏ. ਨੇ ਜਾਣਕ-ਾਰੀ ਦਿੰਦਿਆਂ ਦੱਸਿਆ ਕਿ ਗਾਇਕ ਗੁਰਬਖਸ਼ ਸ਼ੌਂਕੀ ਵਲੋਂ ਗਾਏ 8 ਸ਼ਬਦਾਂ ਚੋਂ ਗੀਤ 'ਚੱਲੀਏ ਕਾਂਸ਼ੀ ਵਾਲੀ ਰੇਲੇ' ਦਾ ਵੀਡੀਓ ਦੀ ਸ਼ੂਟਿੰਗ ਕੀਤੀ ਗਈ ਹੈ ਜੋ ਵੱਖ ਵੱਖ ਲੋਕੇਸ਼ਨਾਂ 'ਤੇ ਫਿਲਮਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਗੀਤ ਨੂੰ ਉਨ੍ਹਾਂ ਖੁਦ ਹੀ ਕਲਮਬੱਧ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਜੀਵਨੀ 'ਤੇ ਵੱਖ ਵੱਖ ਸ਼ਬਦ ਸੰਗਤਾਂ ਨੂੰ ਬਹੁਤ ਪਸੰਦ ਆਉਣਗੇ। ਇਸ ਐਲਬਮ ਦਾ ਮਿਊਜ਼ਿਕ ਅਮਦਾਦ ਅਲੀ ਨੇ ਕੀਤਾ ਹੈ ਜਦੋਂਕਿ ਹੈਪੀ ਮਨੀਲਾ ਇਸ ਐਲਬਮ ਨੂੰ ਵੱਡੇ ਪੱਧਰ 'ਤੇ ਰੀਲੀਜ਼ ਕਰਨਗੇ। ਇਥੇ ਦੱਸਣਯੋਗ ਹੈ ਕਿ ਜੱਸੀ ਬੰਗਾ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰਪੁਰਬ 'ਤੇ ਆਪਣੀ ਕਲਮ ਨਾਲ ਲਿਖੇ ਸ਼ਬਦ ਪ੍ਰਸਿੱਧ ਗਾਇਕਾਂ ਤੋਂ ਗੁਆ ਕੇ ਰੀਲੀਜ਼ ਕਰਵਾਉਂਦੇ ਹਨ। ਉਹ ਇਸ ਤੋਂ ਇਲਾਵਾ ਯੂ.ਐਸ.ਏ. ਵਿਚ ਕਈ ਨਾਮੀ ਗਾਇਕਾਂ ਦੇ ਸ਼ੋਅ ਕਰਵਾ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਕਈ ਗਾਇਕਾਂ ਦੇ ਸ਼ੋਅ ਕਰਵਾਉਣ ਜਾ ਰਹੇ ਹਨ।





ੴ ਸਤਿਗੁਰ ਪ੍ਰਸਾਦਿ॥
ਐਸੀ ਲਾਲ ਤੁਝ ਬਿਨ ਕਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥
-ਗੁਰੂ ਰਵਿਦਾਸ ਜੀ




## ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਰਾਜਾ ਸਵੀਟਸ ਐਂਡ ਕੇਟਰਿੰਗ ਵੱਲੋਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸਮੂਹ ਮਹਿਮੀ ਪਰਿਵਾਰ ਵੱਲੋਂ



# ਫਕੀਰ ਮਹਿਮੀ

ਚੇਅਰਮੈਨ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

## ਸਮੂਹ ਮਹਿਮੀ ਪਰਿਵਾਰ

# 1 (925) 698 1341



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਇਮਾਰਤ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ।

**ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**



# ਜੀਨਾ ਭਾਟੀਆ, ਮੇਜਰ ਸਿੰਘ ਭਾਟੀਆ



ਸ੍ਰੀ ਗੁਰੂ ਰਵਿਦਾਸ ਜੀ

੧ੴ ਸਤਿਗੁਰੂ ਪ੍ਰਸਾਦਿ॥
ਐਸੀ ਲਾਲ ਤੁਝ ਬਿਨ ਕਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥
-ਗੁਰੂ ਰਵਿਦਾਸ ਜੀ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ), 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਆਸੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ



# SHRI SUKHRAJ SINGH CHOPRA & MRS. ROSHNI CHOPRA